ਤੇਰ੍ਹਵਾਂ ਸਾਲ

PARDES TIMES

13th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ) | ਮਾਂ ਬੋਲੀ ਨੂੰ ਸਮਰਪਿਤ | pardestimes | ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 13 No. 311 January 2, 2019 | E-mali : info@pardestimes.com | Ph 510-938-7771 | Ph510-516-3536





ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ ਦੀਆਂ ਸਾਡੇ ਸਾਰੇ ਸਮਰਥਕਾਂ, ਇਸ਼ਤਿਹਾਰ ਕਰਤਾ, ਸਪਾਂਸਰਾਂ ਅਤੇ 'ਪਰਦੇਸ ਟਾਇਮਜ਼' ਦੇ ਪਾਠਕਾਂ ਨੂੰ ਲੱਖ-ਲੱਖ ਵਧਾਈਆਂ

## ਬੰਦ ਸਰਕਾਰ ਖੁਲਾਉਣ ਦੀਆਂ ਕੋਸ਼ਿਸ਼ਾਂ ਕਰਨਗੇ ਡੈਮੋਕਰੇਟ

ਵਾਸ਼ਿੰਗਟਨ- ਡੈਮੋਕਰੈਟਿਕ ਕਾਨੂੰਨਸਾਜ਼ਾਂ ਨੇ ਫੈਡਰਲ ਸਰਕਾਰ ਦੇ ਅੰਸ਼ਕ ਸ਼ੱਟਡ-ਾਊਨ ਖਤਮ ਕਰਾਉਣ ਲਈ ਕੁਝ ਯੋਜਨਾਵਾਂ ਸਾਹਮਣੇ ਲਿਆਂਦੀਆਂ ਹਨ ਜਿਨ੍ਹਾਂ ਤਹਿਤ ਉਹ ਵੀਰਵਾਰ ਨੂੰ ਜਦੋਂ ਪ੍ਰਤੀਨਿਧ ਸਦਨ ਦਾ ਕੰਟਰੋਲ ਸਾਂਭਣਗੇ ਤਾਂ ਸਰਕਾਰੀ ਬਿਲਾਂ ਦੀ ਘੋਖ ਕਰਨਗੇ ਤੇ ਵੋਟਾਂ ਪਵਾਉਣਗੇ। ਉਂਜ ਬਿਲ ਦੀ ਹੋਣੀ ਅਨਿਸ਼ਚਤ ਬਣੀ ਹੋਈ ਹੈ। ਇਸ ਦੇ ਖਰੜੇ ਵਿਚ ਅਮਰੀਕਾ-ਮੈਕਸਿਕੋ ਕੰਧ ਦੇ ਖਰਚੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਿਸ ਲਈ ਰਾਸ਼ਟਰਪਤੀ ਡੋਨਲਡ ਟਰੰਪ ਨੇ ਟਿੱਲ ਲਾ ਰੱਖਿਆ ਹੈ। ਉਨ੍ਹਾਂ ਇਸ ਸਰਹੱਦੀ ਕੰਧ ਲਈ ਫੰਡ ਦੇਣ ਤੋਂ ਡੈਮੋਕਰੈਟਾਂ ਦੀ ਨਾਂਹ ਬਾਰੇ ਕੀਤੇ ਇਕ ਤਨਜ਼ੀਆ ਟਵੀਟ ਵਿਚ ਕਿਹਾ ਸੀ ''ਡੈਮੋਕਰੈਟ ਸ਼ਾਇਦ ਕੋਈ ਬਿੱਲ ਪੇਸ਼ ਕਰ ਰਹੇ ਹਨ ਜੋ ਆਮ ਦੀ ਤਰ੍ਹਾਂ ਲੁਭਾਉਣਾ ਹੋਵੇਗਾ ਜਿਸ ਵਿਚ ਸ਼ਾਇਦ ਸਭ ਕੁਝ ਹੋਵੇਗਾ ਪਰ ਸਰਹੱਦੀ ਸੁਰੱਖਿਆ ਭਾਵ ਕੰਧ ਕੱਢਣ ਲਈ ਧੇਲਾ ਵੀ ਨਹੀਂ ਹੋਵੇਗਾ।'' ''ਤੁਹਾਨੂੰ ਪਤਾ ਹੀ ਹੈ ਕਿ ਕੰਧ ਕੱਢੇ ਬਿਨਾਂ ਕੋਈ ਸਰਹੱਦੀ ਸੁਰੱਖਿਆ ਨਹੀਂ ਹੋਵੇਗੀ।


Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545





Allstate
You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544



ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511




Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
(559) 312-0083 (O) (888) 630-1230 (F)
TANVIR JOSHI
SBN: 302226
516 W. SHAW AVE STE 200 FRESNO, CA 93704




COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587






See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL



AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041





Covered CA Open Enrollment Starts Oct. 15th
Punjab Insurance Brokers Inc.
Medicare Supplement Plans
LIFE HEALTH TRAVEL MEDICARE TRUCKING
ਲਾਈਫ ਹੈਲਥ ਟ੍ਰੈਵਲ ਮੈਡੀਕੇਅਰ ਟਰਕਿੰਗ
INDERJEET SINGH MANN CA Lic# 0H82488
COVERED CALIFORNIA Certified Insurance Agent COVERED CALIFORNIA
KAISER PERMANENTE. Authorized Agent
blue of california
Western Health Advantage
Health Net Anthem UnitedHealthcare
551 N Palora Ave, Suite B Yuba City CA 95991 | 916-900-2000, 530-927-5777
1-888-978-6522 www.punjabinsurance.com



Issue- 311, Vol-13, January 2, 2019

# ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ


ਅਵਤਾਰ ਸਿੰਘ (ਤਾਰੀ) ਸਹੋਤਾ, ਯੂਬਾ ਸਿਟੀ


ਜੌਹਨ ਸਿੰਘ ਗਿੱਲ


ਹਰਨੇਕ ਸਿੰਘ ਅਟਵਾਲ ਸਟਾਕਟਨ


ਸੱਬਾ ਥਿਆੜਾ


ਹਰਦੀਪ ਢਾਡਲੀ ਯੂਬਾ ਸਿਟੀ


ਡਾ. ਭੁਪਿੰਦਰ ਭੰਡਾਰੀ


ਕੁਲਦੀਪ ਸਿੰਘ ਅਟਵਾਲ


ਸੁਰਜੀਤ ਸਿੰਘ ਅਟਵਾਲ


ਬਘੇਲ ਸਿੰਘ ਜਸਵਾਲ


ਗੁਰਵਿੰਦਰ ਸਿੰਘ ਮਾਵੀ


ਡਾ. ਹਰਮੇਸ਼ ਕੁਮਾਰ


ਸੁਰਿੰਦਰ ਸਿੰਘ ਧਨੋਆ


ਅਵਤਾਰ ਸਿੰਘ ਤਾਰੀ


ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ)


ਸ. ਦੀਦਾਰ ਸਿੰਘ ਬੈਂਸ


ਜਸਵੀਰ ਸਿੰਘ ਕੁਲਾਰ


ਅਨੂਪ ਸਿੰਘ ਚੀਮਾ


ਗੈਰੀ ਬਸਰਾਏ


ਰਾਜ ਬਡਵਾਲ


ਅਮੋਲਕ ਸਿੰਘ ਗਾਖਲ


ਡਾ ਚਰਨਜੀਤ ਸਿੰਘ ਉਪਲ


ਹੈਰੀ ਸਿੱਧੂ


ਬਲਦੇਵ ਮਾਨ


ਕਮਲਜੀਤ ਸਿੰਘ ਅਟਵਾਲ


ਉਂਕਾਰ ਸਿੰਘ ਸੈਣੀ


ਕੁਲਵੰਤ ਸਿੰਘ ਨਿਜਰ


ਸੁਖ਼ਵੀਰ ਸਿੰਘ, (ਪੀ ਸੀ ਐਮ Inc)


ਮਨਜੀਤ ਸਿੰਘ ਵਿਰਕ


ਸ੍ਰੀ ਸੁੱਚਾ ਰਾਮ

ਅਗਲੇ ਅੰਕ ਵਿਚ ਅਸੀਂ ਹੋਰ ਸਾਰੇ ਆਨਰੇਰੀ ਸਲਾਹਕਾਰ ਅਤੇ ਸਹਿਯੋਗੀਆਂ ਦੇ ਨਾਂ ਪ੍ਰਕਾਸ਼ਿਤ ਕਰਾਂਗੇ।
-ਸੰਪਾਦਕ

# 6 ਜਨਵਰੀ ਦਾ 'ਛਣਕਾਟਾ ਵੰਗਾਂ ਦਾ 2019' ਪ੍ਰੋਗਰਾਮ ਦੀਆਂ ਤਿਆਰੀਆਂ ਮੁਕੰਮਲ

## ਯੁੱਗ ਗਾਇਕ ਕੁਲਦੀਪ ਮਾਣਕ ਨੂੰ ਹੋਵਗਾ ਸਮਰਪਿਤ

ਫਰੀਮਾਂਟ (ਬਿਓਰੋ) – ਇੱਕੀ ਇੰਟਰਨੈਸ਼ਨਲ ਐਂਟਰਟੇਨ-ਮੈਂਟ ਇੰਕ, ਸ. ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ ਤੇ ਐੱਸ.ਅਸ਼ੋਕ ਭੌਰਾ ਦੇ ਸਹਿਯੋਗ ਨਾਲ 6 ਜਨਵਰੀ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਦੇਰ ਸ਼ਾਮ ਤੱਕ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰ ਫਰੀਮਾਂਟ ਵਿਖੇ ਕਰਵਾਏ ਜਾ ਰਹੇ 'ਛੇਵੇਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਦੱਖਣੀ ਭਾਰਤ ਦੀਆਂ ਮੁਟਿਆਰਾਂ ਤੇ ਗੱਭਰੂਆਂ ਵਲੋਂ ਪ੍ਰੋਗਰਾਮ ਦਾ ਟਾਈਟਲ ਗੀਤ 'ਚੜ੍ਹ ਕੇ ਵੇਖ ਚੁਬਾਰੇ ਵੇ ਛਣਕਾਟਾ ਪੈਂਦਾ ਵੰਗਾ ਦਾ' ਤੇ ਕੋਰੀਓਗ੍ਰਾਫੀ ਤਿਆਰ ਕੀਤੀ ਗਈ ਹੈ। ਇੱਥੇ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਸ. ਅਮੋਲਕ ਸਿੰਘ ਗਾਖਲ ਤੇ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਇਸ ਵਾਰ ਦੇ ਛਣਕਾਟਾ ਵੰਗਾਂ ਦਾ ਪ੍ਰੋਗਰਾਮ 'ਚ ਜਿੱਥੇ ਅਲਾਪ ਗਰੁੱਪ ਦੇ ਚੰਨੀ ਸਿੰਘ ਵਰਗੇ ਗਾਇਕ ਕੁਲਦੀਪ ਮਾਣਕ ਦੇ ਯੁੱਗ ਨੂੰ ਹੀ ਸਾਖਸ਼ਾਤ ਪ੍ਰਗਟ ਕਰਨਗੇ ਉੱਤੇ ਤਿੰਨ ਖੂਬਸੂਰਤ ਗਾਇਕ ਕੁੜੀਆਂ ਮੋਨਾ ਸਿੰਘ, ਹਰਮਨਦੀਪ ਅਤੇ ਮਨਿੰਦਰ ਦਿਓਲ ਪੰਜਾਬੀ ਗਾਇਕੀ ਦਾ ਇਕ ਤਰ੍ਹਾਂ ਨਾਲ ਸਿਖਰ ਹੋਣਗੀਆਂ। 'ਬੇਏਰੀਆ ਧਮਕ' ਦਾ ਗਿੱਧਾ ਅਤੇ 'ਪੰਜਾਬੀ ਧੜ੍ਹਕਣ' ਅਕੈਡਮੀ ਦੀਆਂ ਮੁਟਿਆਰਾਂ ਭੰਗੜਾ ਪੇਸ਼ ਕਰਨਗੀਆਂ। 'ਅਜੈ ਭੰਗੜਾ ਅਕੈਡਮੀ' ਦੇ ਬੱਚੇ ਜਸਪਾਲ ਸਿੰਘ ਹੁਰਾਂ ਦੀ ਅਗਵਾਈ ਹੇਠ ਤਕਰੀਬਨ ਅੱਧੀ ਦਰਜਨ ਭੰਗੜਾ ਆਈਟਮਾਂ ਪੇਸ਼ ਕਰਨਗੇ। ਲੋਕ ਗਾਥਾਵਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਸਮਰਪਿਤ ਇਸ ਦਾ ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ, ਗਿਆਨੀ ਰਵਿੰਦਰ ਸਿੰਘ ਅਤੇ ਕਾਰੋਬਾਰੀ ਖੇਤਰ ਦੀ ਉੱਘੀ ਹਸਤੀ ਰਾਮ ਮੂਰਤੀ ਸਰੋਏ ਕਰਨਗੇ। ਜਦੋਂ ਕਿ ਮੁੱਖ ਮਹਿਮਾਨ ਵਜੋਂ ਪੰਜਾਬ ਭਵਨ ਸਰ੍ਹੀ ਦੇ ਸੁੱਖੀ ਬਾਠ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਸੱਤੀ ਪਾਬਲਾ ਕੁਲਦੀਪ ਮਾਣਕ ਦੇ ਗੀਤਾਂ ਦਾ ਗਾਇਨ ਕਰਨਗੇ ਜਦੋਂ ਅਨੂਪ ਚੀਮਾ ਤੇ ਕੈਲੀ ਜੱਸ ਵੀ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਇਹ ਪ੍ਰੋਗਰਾਮ ਸਮੁੱਚੇ ਰੂਪ ਵਿਚ ਸਹਾਇਤਾ ਸੰਸਥਾ ਲਈ ਸਹਿਯੋਗੀ ਹੋਵੇਗਾ ਤੇ ਦਾਨੀ ਸੱਜਣਾਂ ਨੂੰ ਇਸ ਸੰਸਥਾ ਦੇ ਸਹਿਯੋਗ ਲਈ ਅਪੀਲ ਕੀਤੀ ਗਈ ਹੈ। ਇਸ ਪ੍ਰੋਗਰਾਮ ਵਿਚ ਕੈਲੇਫੋਰਨੀਆਂ ਤੋਂ ਬਾਹਰੋਂ ਵੀ ਹਸਤੀਆਂ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚ ਰਹੀਆਂ ਹਨ ਜਿਨ੍ਹਾਂ ਵਿਚ ਕੁਲਦੀਪ ਸਿੰਘ ਘੁੰਮਣ, ਸੁਰਿੰਦਰ ਸਿੰਘ ਬੜਿਆਲ, ਨਛੱਤਰ ਸਿੰਘ ਗੋਸਲ ਅਤੇ ਅਵਤਾਰ ਸਿੰਘ ਸ਼ਾਮਿਲ ਹਨ। ਨਵੇਂ ਵਰ੍ਹੇ ਦੀ ਆਮਦ ਨੂੰ ਮੁੱਖ ਰੱਖ ਕੇ ਪਿਛਲੇ ਅੱਧੇ ਕੁ ਦਹਾਕੇ ਤੋਂ ਇਸ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਪ੍ਰਤੀ ਪੰਜਾਬੀਆਂ ਅੰਦਰ ਖਾਸ ਦਿਲਸਚਪੀ ਰਹੀ ਹੈ ਅਤੇ ਇਸਦੇ ਮੁੱਖ ਪ੍ਰਬੰਧਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਇਸ ਵਾਰ ਦਾ ਇਹ ਪਰਿਵਾਰਕ ਪ੍ਰੋਗਰਾਮ ਵੀ ਪੰਜਾਬੀਆਂ ਦੇ ਚੇਤਿਆਂ ਵਿਚ ਬਹੁਤ ਦੇਰ ਤੱਕ ਵਸਿਆ ਰਹੇਗਾ।




ਪ੍ਰੋਗਰਾਮ ਨੂੰ ਅੱਧੀ ਦਰਜਨ ਦੇ ਕਰੀਬ ਚੈਨਲ ਅਤੇ ਹੋਰ ਸੋਸ਼ਲ ਸਾਈਟਾਂ ਦਾ ਸੰਚਾਲਕ ਵੀ ਕਵਰ ਕਰਨਗੇ। ਪ੍ਰਗੋਰਾਮ ਦਾ ਸੰਚਾਲਨ ਸ਼ਕਤੀ ਮਾਣਕ ਕਰੇਗੀ। ਹੋਰ ਜਾਣਕਾਰੀ ਲਈ ਫੋਨ ਨੰਬਰ 510 695 4836 ਜਾਂ 510 512 3401 ਤੇ ਸੰਪਰਕ ਕਰ ਸਕਦੇ ਹੋ। ਪ੍ਰੋਗਰਾਮ ਵਿਚ ਐਂਟਰੀ ਬਿਲਕੁਲ ਮੁਫਤ ਹੋਵੇਗੀ ਤੇ ਚਾਹ ਪਾਣੀ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ।

# ਨਿੱਜਰ ਭਰਾਵਾਂ ਦੀ ਪ੍ਰੇਰਨਾ ਨਾਲ ਪਿੰਡ ਨਿੱਜਰਪੁਰਾ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਗਈ

ਫਰੀਮਾਂਟ (ਬਿਓਰੋ) – ਇੱਥੇ ਕੈਲੇਫੋਰਨੀਆਂ ਵਸਦੇ ਉੱਘੇ ਕਾਰੋਬਾਰੀ ਅਤੇ ਭਾਈਚਾਰਕ ਸਾਂਝ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸੁਖਬੀਰ ਸਿੰਘ ਨਿੱਝਰ ਅਤੇ ਕੁਲਵੰਤ ਸਿੰਘ ਨਿੱਝਰ ਦੇ ਯਤਨਾ ਸਦਕਾ ਅੰਮ੍ਰਿਤਸਰ 'ਚ ਜੰਡਿਆਲਾ ਗੁਰੂ ਨੇੜੇ ਉਨ੍ਹਾਂ ਆਪਣੇ ਜੱਦੀ ਪਿੰਡ ਨਿੱਜਰਪੁਰਾ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੇ ਜਾਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਕਾਰਜ ਲਈ ਉਚੇਚੇ ਤੌਰ 'ਤੇ ਕੈਲੇਫੋਰਨੀਆਂ ਤੋਂ ਆਪਣੇ ਪਿੰਡ ਨਿੱਜਰਪੁਰਾ ਪੁੱਜੇ ਕੁਲਵੰਤ ਸਿੰਘ ਨਿੱਜਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਹਮੇਸ਼ਾ ਪਿੰਡ ਦੇ ਵਿਕਾਸ ਲਈ ਵਿਤੋਂ ਵੱਧ ਯੋਗਦਾਨ ਪਾਇਆ ਹੈ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਪਿੰਡ ਵਿਚ ਕੋਈ ਧੜ੍ਹੇਬੰਦੀ ਨਾ ਰਹੇ ਅਤੇ ਸਾਰੇ ਪਿੰਡ ਵਾਸੀ ਇਕ ਪਰਿਵਾਰ ਵਾਂਗ ਰਹਿਣ। ਉਹ ਉਚੇਚੇ ਤੌਰ ਤੇ



ਇੱਥੇ ਪੰਚਾਇਤ ਦੀ ਸਰਬਸੰਮਤੀ ਨਾਲ ਚੋਣ ਕਰਵਾਉਣ ਲਈ ਪੁੱਜੇ ਹਨ ਤੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਮਾਣ ਵੀ ਰੱਖਿਆ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਇਸ ਚੋਣ ਨਾਲ ਪਿੰਡ ਵਿਚ ਵਿਆਹ ਵਰਗਾ ਮਹੌਲ ਵੇਖਣ ਨੂੰ ਮਿਲਿਆ ਹੈ। ਪਿੰਡ ਨਿੱਜਰਪੁਰਾ ਦੀ ਸਰਬਸੰਮਤੀ ਨਾਲ ਚੁਣੀ ਗਈ ਪੰਚਾਇਤਿ ਵਿਚ ਸ. ਜਗਤਾਰ ਸਿੰਘ ਨੂੰ ਸਰਪੰਚ, ਸਤਨਾਮ ਸਿੰਘ, ਰਾਜਵਿੰਦਰ ਸਿੰਘ, ਅੰਗਰੇਜ਼ ਸਿੰਘ, ਸੰਦੀਪ ਕੌਰ, ਰਣਜੀਤ ਕੌਰ, ਮਨਜੀਤ ਸਿੰਘ, ਸੰਦੀਪ ਪੰਚ ਚੁਣੇ ਗਏ ਹਨ। ਕੁਲਵੰਤ ਸਿੰਘ ਨਿੱਜਰ ਨੇ ਪਿੰਡ ਵਾਸੀਆਂ ਨੂੰ ਯਕੀਨ ਦੁਆਇਆ ਕਿ ਉਹ ਪਹਿਲਾਂ ਵਾਂਗ ਹੀ ਵਧ ਚੜ੍ਹ ਕੇ ਪਿੰਡ ਦੇ ਵਿਕਾਸ ਵਿਚ ਹਿੱਸਾ ਲੈਂਦੇ ਰਹਿਣਗੇ। ਉਨ੍ਹਾਂ ਦਾ ਕੈਲੀਫੋਰਨੀਆਂ ਤੋਂ ਚੱਲ ਕੇ ਪਿੰਡ ਆਉਣ ਦਾ ਮਿਸ਼ਨ ਸਫਲ ਹੋਇਆ ਹੈ।

# ਮਨਦੀਪ ਖੁਰਮੀ ਪਿਛਲੇ ਹਫਤੇ ਫਰਿਜ਼ਨੋ ਪਹੁੰਚੇ



ਇੰਗਲੈਂਡ ਤੋਂ ਕੈਲੇਫੋਰਨੀਆ ਪਹੁੰਚੇ ਮਨਦੀਪ ਖੁਰਮੀ, ਜੋ ਹਿੰਮਤਪੁਰਾ ਟਾਇਮਜ਼ ਅਖਬਾਰ ਵੀ ਚਲਾਉਂਦੇ ਹਨ ਤੇ ਪੰਜਾਬੀ ਬੋਲੀ ਨਾਲ ਅੰਤਾਂ ਦਾ ਮੋਹ ਕਰਦੇ ਹਨ ਤੇ ਇੱਥੇ ਨੀਟਾ ਮਾਛੀਕੇ ਹੁਰਾਂ ਦੀ ਲਿਖੀ ਕਿਤਾਬ ਜੋ ਉਹਨਾਂ ਨੇ ਆਪਣੀ ਮਾਤਾ ਦੇ ਨਾਮ ਨੂੰ ਅਰਪਣ ਕੀਤੀ ਹੈ, ਜੋ 2016 ਵਿਚ ਗੁਰੂ ਸਾਹਿਬ ਦੇ ਦਿੱਤੇ ਸਵਾਸ ਪੂਰੇ ਕਰਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ, ਨੂੰ ਲੋਕ ਅਰਪਣ ਵੇਲੇ ਪਹੁੰਚੇ ਸਨ। ਨਾਲ ਪਰਿਵਾਰਕ ਮੈਂਬਰ ਵੀ ਸਨ ਤੇ ਉਚੇਚੇ ਤੌਰ 'ਤੇ ਮੈਂ ਵੀ ਮਿਲਣ ਲਈ ਫਰਿਜ਼ਨੋ ਪਹੁੰਚਿਆ ਤੇ ਉਹਨਾਂ ਦਾ ਧੰਨਵਾਦ ਕੀਤਾ ਜੋ ਪੰਜਾਬੀ ਬੋਲੀ ਲਈ ਕੰਮ ਕਰਦੇ ਹਨ ਤੇ ਤਰੱਕੀ ਦੇ ਰਾਹ ਨੂੰ ਸੌਖਿਆਂ ਬਣਾ ਰਹੇ ਹਨ।

ਉਹਨਾਂ ਨੂੰ ਪਰਦੇਸ ਟਾਇਮਜ਼ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਤੇ ਇਕ ਕਿਤਾਬ 'ਸੱਜਣਾਂ ਦੇ ਵਿਹੜੇ ਦਿਆ ਬੂਟਿਆ' ਵੀ ਦਿੱਤੀ ਗਈ ਤਾਂ ਕਿ ਉਹ ਅਮ-ਰੀਕਾ ਵਿਚਲੇ ਹਾਲਾਤਾਂ ਨੂੰ ਵੀ ਪੜ੍ਹ ਕ ਸਮਝ ਸਕਣ।

ਪਰਦੇਸ ਟਾਇਮਜ਼ ਵੱਲੋਂ ਹਮੇਸ਼ਾ ਉਹਨਾਂ ਦਾ ਸਾਥ ਦੇਣ ਦਾ ਵਾਅਦਾ ਵੀ ਕੀਤਾ ਗਿਆ।

**–ਬਲਬੀਰ ਸਿੰਘ ਐਮ. ਏ.**

# ਪੋਹ ਦੀ ਠੰਢ 'ਚ ਕਿਸਾਨਾਂ ਨੇ ਮਘਾਇਆ ਸੰਘਰਸ਼

ਚੰਡੀਗੜ੍ਹ– ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੱਦੇ 'ਤੇ ਅੱਜ ਕਿਸਾਨਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਸਣੇ ਪੰਜਾਬ 'ਚ ਕਈ ਥਾਈਂ ਬੈਂਕਾਂ ਅੱਗੇ 5 ਰੋਜ਼ਾ ਦਿਨ-ਰਾਤ ਦੇ ਧਰਨੇ ਸ਼ੁਰੂ ਕਰ ਦਿੱਤੇ ਹਨ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਸੰਗਰੂਰ, ਪਟਿਆਲਾ, ਬਰਨਾਲਾ ਅਤੇ ਮਾਛੀਵਾੜਾ (ਲੁਧਿਆਣਾ) ਵਿਚ ਸਟੇਟ ਬੈਂਕ ਆਫ਼ ਇੰਡੀਆ ਦੀਆਂ ਸ਼ਾਖ਼ਾਵਾਂ ਅੱਗੇ ਧਰਨੇ ਦਿੱਤੇ ਗਏ ਹਨ। ਇਸ ਤੋਂ ਇਲਾਵਾ ਬਠਿੰਡਾ, ਮੁਕਤਸਰ, ਫਰੀਦਕੋਟ, ਜ਼ੀਰਾ (ਫਿਰੋਜ਼ਪੁਰ) ਅਤੇ ਜਲਾਲਾਬਾਦ (ਫਾਜ਼ਿਲਕਾ) ਵਿਚ ਖੇਤੀ ਵਿਕਾਸ ਬੈਂਕ ਦੀਆਂ ਸ਼ਾਖ-ਾਵਾਂ ਅੱਗੇ ਤੇ ਇਸ ਦੇ ਨਾਲ ਹੀ ਮੋਗਾ ਅਤੇ ਕਾਲਾ ਅਫ਼ਗਾਨਾ (ਗੁਰਦਾਸਪੁਰ) ਵਿਚ ਵੀ ਪੰਜਾਬ ਐਂਡ ਸਿੰਧ ਬੈਂਕ ਦੀਆਂ ਸ਼ਾਖ਼ਾਵਾਂ ਅੱਗੇ ਧਰਨੇ ਦਿੱਤੇ ਗਏ ਹਨ। ਮਾਨਸਾ ਵਿਚ ਜ਼ਿਲ੍ਹਾ ਸਹਿਕਾਰੀ ਬੈਂਕ ਅੱਗੇ ਕਿਸਾਨ ਧਰਨੇ ਲਾਈ ਬੈਠੇ ਹਨ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸਕੱਤਰ ਹਰਦੀਪ ਸਿੰਘ ਟੱਲੇਵਾਲ, ਪ੍ਰੈੱਸ ਸਕੱਤਰ ਸ਼ਿੰਗਾਰਾ ਸਿੰਘ ਮਾਨ, ਸੰਗਠਨ ਸਕੱਤਰ ਜਸਵਿੰਦਰ ਸਿੰਘ ਲੌਂਗੋਵਾਲ, ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਤੇ ਰੂਪ ਸਿੰਘ ਛੰਨਾ ਤੋਂ ਇਲਾਵਾ ਜ਼ਿਲ੍ਹਾ ਆਗੂਆਂ ਨੇ ਵੱਖ-ਵੱਖ ਥਾਈਂ ਧਰਨਿਆਂ ਨੂੰ ਸੰਬੋਧਨ ਕੀਤਾ।

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



COLUMBIA PARTNERS

REAL ESTATE

DILBAG SINGH
Broker Lic # 74416
CBA MLS.

ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਸੰਪਰਕ ਕਰੋ–

DILBAG SINGH
EMAIL: dilbagbains@yahoo.com
DIRECT: (206) 841-4132, OFFICE: (206) 588-2559
FAX: (206) 299-9199

8221 5th Ave NE Seattle WA 98115

# ਸੰਪਾਦਕੀ

## ਨਵਾਂ ਸਾਲ 2019

ਸਾਲ 2018 ਦੇ ਪਹਿਲੇ ਦਿਨ ਹਰ ਇਕ ਨੇ ਚੜ੍ਹਦੀਕਲਾ ਤੇ ਤੰਦਰੁਸਤੀ ਦੀ ਅਰਦਾਸ ਕੀਤੀ ਹੋਵੇਗੀ। ਅੱਜ ਸਾਲ ਦਾ ਅੰਤ ਹੋ ਗਿਆ ਹੈ ਤੇ ਨਵਾਂ ਵਰ੍ਹਾ ਸਾਡੇ ਲਈ ਚਾਨਣ ਲੈ ਕੇ ਆਇਆ ਹੈ। ਸਾਡੇ ਲਈ ਇਕ ਹੋਰ ਵਰ੍ਹਾ ਖੁਸ਼ੀਆਂ ਲੈ ਕੇ ਆਉਣ ਵਾਲੇ ਪਹਿਲੇ ਦਿਨ ਦੀ ਲੋਅ ਖਿਲਾਰ ਚੁੱਕਾ ਹੈ। ਜਿਸ ਨਾਲ ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚ ਵੀ ਉਮੀਦ ਤੇ ਇਕ ਆਸ ਜਾਗੇਗੀ। ਕਿਸੇ ਨੂੰ ਤੰਦਰੁਸਤੀ ਲਈ, ਕੋਈ ਕਸਰਤ ਕਰਨ, ਆਪਣੇ ਸਾਲ ਦਾ ਬਜਟ ਬਣਾਉਣ, ਆਪਣਾ-ਆਪ ਬਦਲਣ ਦੀ ਸੋਚ ਆਵੇਗੀ। ਕਿਸੇ ਨੂੰ ਰਿਟਾਇਰ ਹੋਣ ਦੀ ਸਕੀਮ ਲਾਉਣੀ ਪਵੇਗੀ, ਕਈ ਨਵੇਂ ਲੋਕਾਂ ਨਾਲ ਦੋਸਤੀ ਗੰਢਣ-ਪਾਉਣ ਦੀ ਸੋਚ ਰਹੇ ਹੋਣਗੇ। ਗੱਲ ਕੀ ਹਰ ਇਕ ਨੂੰ ਨਵੇਂ ਸਾਲ 'ਚ ਨਵੇਂ ਜੋਸ਼ ਨਾਲ ਜਿਊਣ ਦਾ ਬਲ ਮਿਲੇਗਾ।

ਹਰ ਦੇਸ਼ ਦੀ ਸਰਕਾਰ ਕੋਈ ਨਵਾਂ ਕਾਨੂੰਨ ਲੈ ਕੇ ਆਵੇਗੀ, ਜੋ ਦੇਸ਼ ਵਾਸੀਆਂ ਨੂੰ ਕੁਝ ਲਾਭ ਦੇ ਸਕੇਗਾ।

ਪਰਦੇਸ ਟਾਇਮਜ਼ ਵੱਲੋਂ ਵੀ ਅਖਬਾਰ ਨੂੰ ਹਰ ਇਕ ਹੱਥ ਵਿਚ ਪਹੁੰਚਾਉਣ ਹਿੱਤ ਕਈ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਸਾਲਾਂ 'ਚ ਅਸੀਂ ਲਿਖਾਰੀਆਂ ਨੂੰ ਬਹੁਤ ਜ਼ਿਆਦਾ ਇੱਜਤ ਮਾਣ ਦਿੱਤਾ, ਜਿਸ ਨਾਲ ਉਹਨਾਂ ਦਾ ਨਾਂ ਤਾਂ ਬਣਿਆ ਹੀ, ਨਾਲ-ਨਾਲ ਪਰਦੇਸ ਟਾਇਮਜ਼ ਲਈ ਬਹੁਤ ਸਾਰੇ ਨਵੇਂ ਪਾਠਕ ਵੀ ਨਾਲ ਜੁੜੇ। ਜਦੋਂ ਅਖਬਾਰ ਦੀ ਸੋਚ ਨਾਲ ਬਹੁਤ ਸਾਰੇ ਲੋਕ ਲੱਗ ਕੇ ਤੁਰਨ ਲੱਗ ਜਾਣ, ਉਦੋਂ ਅਖਬਾਰ ਨੂੰ ਨਵੀਨੀਕਰਨ ਕਰ ਦੇਣਾ ਚਾਹੀਦਾ ਹੈ। ਇਸੇ ਹਿੱਤ ਅਸੀਂ ਵੀ ਬਹੁਤ ਸਾਰੇ ਨਵੇਂ ਵਿਸ਼ਿਆਂ ਨੂੰ ਛੋਹਣ ਜਾ ਰਹੇ ਹਾਂ, ਜਿਸ ਵਿਚ ਡਾਕਟਰ ਦੀ ਸਲਾਹ, ਦੰਦਾਂ ਦੇ ਡਾਕਟਰ, ਦਿਲ ਦੇ ਸਪੈਸ਼ਲਿਸਟ, ਚਮੜੀ ਰੋਗਾਂ ਦੇ ਡਾਕਟਰ ਤੇ ਹੋਰ। ਨਾਲ ਹੀ ਟਰੱਕ ਮਕੈਨਿਕ, ਕਾਰ ਮਕੈਨਿਕ, ਇੰਸ਼ੋਰੈਂਸ ਸਬੰਧੀ ਲੇਖ, ਘਰ ਵੇਚਣ-ਖਰੀਦਣ ਵਾਲਿਆਂ ਲਈ ਜਾਣਕਾਰੀ ਤੇ ਹੋਰ ਬਹੁਤ ਸਾਰੇ ਲੇਖ, ਜਿਸ ਨਾਲ ਆਪਣੇ ਭਾਈਚਾਰੇ ਦੀ ਜਾਣਕਾਰੀ ਵਿਚ ਵਾਧਾ ਹੋਵੇ।

ਮੈਂ ਪੂਰੀ ਉਮੀਦ ਕਰਦਾ ਹਾਂ ਕਿ ਇਹਨਾਂ ਤਬਦੀਲੀਆਂ ਨਾਲ ਸਾਡੇ ਪਾਠਕਾਂ ਨੂੰ ਪੜ੍ਹਨ ਲਈ ਜਾਣਕਾਰੀ ਭਰਪੂਰ ਲੇਖਾਂ ਰਾਹੀਂ ਕੁਝ ਹੋਰ ਚੰਗਾ ਗਿਆਨ ਮਿਲ ਸਕਿਆ ਕਰੇਗਾ। ਅਸੀਂ ਧੰਨਵਾਦੀ ਹਾਂ, ਉਹਨਾਂ ਸਾਰਿਆਂ ਵੀਰਾਂ, ਭੈਣਾਂ, ਸੱਜਣਾਂ-ਮਿੱਤਰਾਂ ਦੇ ਜਿਹਨਾਂ ਨੇ ਪਿਛਲੇ 12 ਸਾਲਾਂ ਦੌਰਾਨ ਸਾਡਾ ਬਹੁਤ ਸਾਥ ਦਿੱਤਾ ਤੇ ਵਾਅਦਾ ਕੀਤਾ ਕਿ ਹਮੇਸ਼ਾ ਦਿੰਦੇ ਰਹਿਣਗੇ।

ਪਰਦੇਸ ਟਾਇਮਜ਼ ਵੱਲੋਂ ਉਹਨਾਂ ਦਾ ਕੋਟਿਨ-ਕੋਟਿ ਧੰਨਵਾਦ ਤੇ ਹਮੇਸ਼ਾ ਰਿਣੀ ਰਹਾਂਗੇ। ਨਵਾਂ ਸਾਲ ਤੁਹਾਡੇ ਲਈ ਖੁਸ਼ੀਆਂ ਅਤੇ ਸਿਹਤਮੰਦੀ ਲੈ ਕੇ ਆਵੇ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536

36415 RUSCHIN DR.
NEWARK, CA 94560

Buta Ram joshi Staff Reporter,
Fresno 559-803-0055

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਪੰਜਾਬ ਸਰਕਾਰ ਸਾਹਮਣੇ ਸਮਾਜਿਕ ਤੇ ਆਰਥਿਕ ਚੁਣੌਤੀਆਂ



ਡਾ. ਸ. ਸ. ਛੀਨਾ

ਜਦੋਂ ਕਾਂਗਰਸ ਪਾਰਟੀ ਨੇ ਪੰਜਾਬ ਦੀ ਹਕੂਮਤ ਸੰਭਾਲੀ ਤਾਂ ਉਹਦੇ ਸਾਹਮਣੇ ਵੱਡੀਆਂ ਆਰਥਿਕ ਚੁਣੌਤੀਆਂ ਸਨ, ਜਿਹੜੀਆਂ ਅਜੇ ਵੀ ਜਿਉਂ ਦੀਆਂ ਤਿਉਂ ਹਨ। ਸਰਕਾਰ ਨੂੰ ਉਨ੍ਹਾਂ ਚੁਣੌਤੀਆਂ ਦੇ ਹੱਲ ਲਈ ਵੱਡੇ ਯਤਨ ਕਰਨੇ ਪੈਣੇ ਹਨ। ਪੰਜਾਬ ਸਰਕਾਰ ਸਿਰ ਪਿਛਲੇ 15 ਸਾਲਾਂ ਤੋਂ ਵਧਦਾ ਹੋਇਆ ਕਰਜ਼ਾ 2.10 ਲੱਖ ਕਰੋੜ ਰੁਪਏ ਦੇ ਕਰੀਬ ਪਹੁੰਚ ਚੁੱਕਾ ਹੈ, ਜਿਸ ਦਾ ਸਾਲਾਨਾ 12-13 ਹਜ਼ਾਰ ਕਰੋੜ ਰੁਪਏ ਦਾ ਵਿਆਜ ਦੇਣਾ ਬਣਦਾ ਹੈ। ਜੇ ਕਿਸੇ ਤਰ੍ਹਾਂ ਇਹ ਰਕਮ ਵਿਕਾਸ ਅਤੇ ਸਮਾਜ ਭਲਾਈ ਦੇ ਕੰਮ ਲਾਈ ਜਾਂਦੀ ਤਾਂ ਕਿੰਨੇ ਚੰਗੇ ਸਿੱਟੇ ਨਿਕਲਦੇ। ਭਾਵੇਂ ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਦਾ ਵਾਅਦਾ ਕੀਤਾ ਸੀ ਪਰ ਆਰਥਿਕ ਅਤੇ ਵਿੱਤੀ ਹਾਲਤ ਦੇ ਕਮਜ਼ੋਰ ਹੋਣ ਕਾਰਨ ਇਹ ਵੀ ਇਕ ਵੱਡੀ ਚੁਣੌਤੀ ਵਜੋਂ ਸਾਹਮਣੇ ਆਈ ਜਦੋਂ ਕਿ ਕਿਸਾਨਾਂ ਸਿਰ ਸੰਸਥਾਵਾਂ ਦਾ ਕਰਜ਼ਾ ਹੀ 77,000 ਕਰੋੜ ਰੁਪਏ ਸੀ ਤੇ 20 ਹਜ਼ਾਰ ਕਰੋੜ ਰੁਪਏ ਗ਼ੈਰ-ਸੰਸਥਾਵਾਂ ਦਾ ਕਰਜ਼ਾ ਸੀ। ਪੰਜਾਬ ਸਰਕਾਰ ਨੇ ਸੀਮਾਂਤ ਅਤੇ ਛੋਟੇ ਕਿਸਾਨਾਂ ਵੱਲੋਂ ਫਸਲਾਂ ਲਈ ਲਏ 7,000 ਕਰੋੜ ਰੁਪਏ ਦੇ ਕਰਜ਼ੇ ਮੁਆਫ ਕਰਨ ਦਾ ਪ੍ਰੋਗਰਾਮ ਬਣਾਇਆ, ਜਿਸ ਵਿੱਚੋਂ 5600 ਕਰੋੜ ਰੁਪਏ ਪਹਿਲੀਆਂ ਚਾਰ ਪੱਧਰਾਂ ਵਿੱਚ ਮੁਆਫ ਕੀਤਾ ਗਿਆ ਤੇ 1400 ਕਰੋੜ ਰੁਪਏ ਪੰਜਵੀਂ ਅਤੇ ਆਖਰੀ ਪੱਧਰ ਵਿੱਚ ਮੁਆਫ ਕਰਨਾ ਹੈ। ਭਾਵੇਂ ਕੁੱਲ ਕਰਜ਼ੇ ਦਾ ਇਹ ਬਹੁਤ ਹੀ ਮਾਮੂਲੀ ਹਿੱਸਾ ਹੈ ਪਰ ਜਿਸ ਪ੍ਰਕਾਰ ਕਮਜ਼ੋਰ ਵਿੱਤੀ ਸਥਿਤੀ ਦਾ ਸਰਕਾਰ ਸਾਹਮਣਾ ਕਰ ਰਹੀ ਹੈ, ਉਸ ਦਾ ਇਹ ਵੱਡਾ ਉਪਰਾਲਾ ਹੈ, ਪਰ ਕਿਸਾਨੀ ਕਰਜ਼ੇ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਕਰਜ਼-ਮੁਆਫ਼ੀ ਦੇ ਹੋਰ ਯਤਨ ਜਾਰੀ ਰਹਿਣੇ ਚਾਹੀਦੇ ਹਨ।

ਪੰਜਾਬ ਦੀ 60 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਹੈ, ਜਿਸ ਵਿੱਚ 74 ਫੀਸਦੀ ਜੋਤਾਂ 5 ਏਕੜ ਤੋਂ ਘੱਟ ਹਨ ਅਤੇ ਉਹ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਹਨ। ਪਿੱਛੇ ਜਿਹੇ ਪ੍ਰਸਿੱਧ ਅਰਥ ਸ਼ਾਸ਼ਤਰੀ ਜੀ.ਐਸ. ਭੱਲਾ ਨੇ ਭਾਰਤ ਦੀ ਖੇਤੀ ਸਬੰਧੀ ਇਕ ਵਿਸ਼ਲੇਸ਼ਣ ਕੀਤਾ। ਇਸ ਮੁਤਾਬਕ 10 ਏਕੜ ਤੋਂ ਘੱਟ ਦੀ ਜੋਤ ਆਪਣੇ ਖਰਚ ਪੂਰੇ ਕਰਨ ਤੋਂ ਅਸਮਰੱਥ ਹੈ, ਪਰ ਪੰਜਾਬ ਵਿੱਚ ਤਾਂ 92 ਫ਼ੀਸਦੀ ਜੋਤਾਂ ਹੀ 10 ਏਕੜ ਤੋਂ ਘੱਟ ਹਨ। ਫਿਰ ਪੰਜਾਬ ਭਾਵੇਂ ਵੱਖ-ਵੱਖ ਫਸਲਾਂ ਵਿੱਚ ਭਾਰਤ ਭਰ ਵਿੱਚ ਸਭ ਤੋਂ ਵੱਧ ਪ੍ਰਤੀ ਏਕੜ ਉਪਜ ਲੈ ਰਿਹਾ ਹੈ ਪਰ ਪੰਜਾਬ ਹੀ ਉਹ ਰਾਜ ਹੈ, ਜਿੱਥੇ ਸਭ ਤੋਂ ਵੱਧ 89 ਫ਼ੀਸਦੀ ਕਿਸਾਨ ਕਰਜ਼ਾਈ ਹਨ ਤੇ ਦੇਸ਼ ਭਰ ਤੋਂ ਵੱਧ ਪ੍ਰਤੀ ਕਿਸਾਨ ਘਰ ਕਰਜ਼ਾ 3.50 ਲੱਖ ਰੁਪਏ ਤੋਂ 4.00 ਲੱਖ ਰੁਪਏ ਤੱਕ ਹੈ। ਭਾਵੇਂ ਪੰਜਾਬ ਦੀ ਖੇਤੀ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ 19 ਫ਼ੀਸਦੀ ਦਾ ਯੋਗਦਾਨ ਪਾਉਂਦੀ ਹੈ, ਜਿਹੜੀ ਦੇਸ਼ ਦੀ ਪੱਧਰ 'ਤੇ 14 ਫ਼ੀਸਦੀ ਦੇ ਯੋਗਦਾਨ ਤੋਂ ਕਾਫੀ ਉਪਰ ਹੈ।

ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਇਥੇ ਖੇਤੀ ਵਿੱਚ ਲੱਗੀ ਹੋਈ ਵਸੋਂ ਨੀਮ-ਬੇਰੁਜ਼ਗਾਰ ਹੈ। ਜੇ 21 ਫੀਸਦੀ ਵਸੋਂ ਨੂੰ ਖੇਤੀ ਤੋਂ ਕੱਢ ਕੇ ਹੋਰ ਰੁਜ਼ਗਾਰਾਂ 'ਤੇ ਵੀ ਲਾਇਆ ਜਾਵੇ ਤਾਂ ਉਸ ਨਾਲ ਖੇਤੀ ਉਪਜ 'ਤੇ ਕੋਈ ਫ਼ਰਕ ਨਹੀਂ ਪਵੇਗਾ ਪਰ ਪ੍ਰਾਂਤ ਦੀ ਵਸੋਂ ਦੀ ਸਮੁੱਚੀ ਆਮਦਨ ਵਿੱਚ ਵੱਡਾ ਵਾਧਾ ਹੋਵੇਗਾ। ਉਦਯੋਗੀਕਰਨ ਵਿੱਚ ਸੁਸਤੀ ਅਤੇ 7,000 ਉਦਯੋਗਿਕ ਇਕਾਈਆਂ ਦਾ ਬੰਦ ਹੋਣਾ ਉਹ ਚੁਣੌਤੀ ਹੈ ਜਿਹੜੀ ਨਾ ਸਿਰਫ਼ ਬੇਰੁਜ਼ਗਾਰੀ, ਸਗੋਂ ਖੇਤੀ ਤੇ ਵਸੋਂ ਦੇ ਭਾਰ ਨੂੰ ਬਦਲਾਉਣ ਦੇ ਨਾਲ ਵੀ ਜੁੜੀ ਹੋਈ ਹੈ। ਇਸ ਵਕਤ ਪੰਜਾਬ ਦੇ 15 ਲੱਖ ਨੌਜਵਾਨ ਪ੍ਰਤੱਖ ਬੇਰੁਜ਼ਗਾਰੀ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਉਦਯੋਗਿਕ ਵਿਕਾਸ ਆਪਣੇ ਆਪ ਵਿੱਚ ਹੀ ਵੱਡੀ ਸਮੱਸਿਆ ਬਣੀ ਹੋਈ ਹੈ, ਜਿਸ ਦੇ ਵਿਕਾਸ ਤੋਂ ਬਗੈਰ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ।



ਕੇਰਲਾ ਤੋਂ ਬਾਅਦ ਪੰਜਾਬ ਹੀ ਅਜਿਹਾ ਪ੍ਰਾਂਤ ਹੈ, ਜਿਸ ਦੇ ਸਭ ਤੋਂ ਵੱਧ ਲੋਕ ਵਿਦੇਸ਼ਾਂ ਵਿੱਚ ਗਏ ਹਨ। ਪੰਜਾਬ ਤੋਂ ਬਹੁਤ ਸਾਰੇ ਵਿਦਿਆਰਥੀ, ਜਿਹੜੇ ਬਾਹਰ ਦਾਖਲੇ ਲੈ ਕੇ ਚਲੇ ਜਾਂਦੇ ਹਨ, ਉਹ ਬਾਅਦ ਵਿੱਚ ਉਨ੍ਹਾਂ ਹੀ ਦੇਸ਼ਾਂ ਵਿੱਚ ਪੱਕੇ ਤੌਰ 'ਤੇ ਵਸਣ ਦੀ ਕੋਸ਼ਿਸ਼ ਕਰਦੇ ਹਨ ਕਿਉਂਕਿ ਉਨ੍ਹਾਂ ਦੇਸ਼ਾਂ ਵਿੱਚ ਰੁਜ਼ਗਾਰ, ਸਮਾਜਿਕ ਸੁਰੱਖਿਆ ਅਤੇ ਮਨੁੱਖੀ ਅਧਿਕਾਰ ਉਨ੍ਹਾਂ ਨੂੰ ਆਪਣੇ ਵੱਲ ਖਿੱਚਦੇ ਹਨ। ਕੇਂਦਰ ਨੇ 1970ਵਿਆਂ ਵਿੱਚ ਵਿਦੇਸ਼ੀਆਂ ਲਈ ਇਕ ਵਿਭਾਗ 'ਫਾਰਨ ਅਸਾਈਨਮੈਂਟ ਸੈਕਸ਼ਨ' (ਵਿਦੇਸ਼ੀ ਪੇਸ਼ਿਆਂ ਲਈ ਵਿਭਾਗ) ਸਥਾਪਿਤ ਸੀ, ਜਿਹੜਾ ਵਿਦੇਸ਼ਾਂ ਵਿੱਚ ਜਾਣ ਵਾਲੇ ਵਿਅਕਤੀਆਂ ਦੀ ਅਗਵਾਈ ਕਰਦਾ ਸੀ। ਪੰਜਾਬ ਵਿੱਚ ਕਈ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿੱਚ ਟਰੈਵਲ ਏਜੰਟਾਂ ਨੇ ਪੰਜਾਬ ਦੇ ਲੋਕਾਂ ਕੋਲੋਂ ਵੱਡੀਆਂ ਰਕਮਾਂ ਲੈ ਕੇ ਬਾਅਦ ਵਿੱਚ ਉਨ੍ਹਾਂ ਨੂੰ ਕਿਸੇ ਪਾਸੇ ਨਹੀਂ ਲਾਇਆ। ਪੰਜਾਬ ਤੋਂ ਵੱਧ ਤੋਂ ਵੱਧ ਲੋਕਾਂ ਦੇ ਬਾਹਰ ਜਾਣ ਕਰਕੇ ਪੰਜਾਬ ਸਰਕਾਰ ਨੂੰ ਵਿਦੇਸ਼ੀ ਜਾਣ ਵਾਲੇ ਨੌਜਵਾਨਾਂ ਦੀ ਅਗਵਾਈ ਅਤੇ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਦੇਸ਼ ਵਿੱਚ ਵਧ ਰਹੀ ਆਮਦਨ ਨਾ-ਬਰਾਬਰੀ ਦਾ ਪ੍ਰਭਾਵ ਪੰਜਾਬ 'ਤੇ ਵੀ ਉਸ ਤਰ੍ਹਾਂ ਹੀ ਹੈ, ਜਿਸ ਨਾਲ ਕਈ ਬੁਰਾਈਆਂ ਪੈਦਾ ਹੋ ਰਹੀਆਂ ਹਨ। ਸਭ ਤੋਂ ਵੱਡੀ ਬੁਰਾਈ ਹੈ ਬਾਲ ਮਜ਼ਦੂਰੀ। ਇਸ ਵਕਤ ਲਗਪਗ 3 ਲੱਖ ਬੱਚੇ ਮਜ਼ਦੂਰੀ ਕਰਨ ਲਈ ਮਜਬੂਰ ਹਨ। ਭਾਵੇਂ 14 ਸਾਲ ਦੀ ਉਮਰ ਤਕ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦੀ ਵਿਵਸਥਾ ਹੈ ਪਰ ਫਿਰ ਵੀ 100 ਵਿੱਚੋਂ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਸਕੂਲ ਛੱਡ ਦਿੰਦੇ ਹਨ ਜਾਂ ਸਕੂਲ ਹੀ ਜਾਂਦੇ ਹੀ ਨਹੀਂ। ਅਜਿਹੇ ਬੱਚੇ

(ਬਾਕੀ ਸਫਾ 22 'ਤੇ)

# ਤਾਊ ਆਪਾਂ ਸਰਪੰਚ ਖੜ੍ਹੇ ਆਂ !

**ਹਰਦੀਪ ਸਿੰਘ ਜਟਾਣਾ**

ਪੰਚਾਇਤੀ ਚੋਣਾਂ ਦਾ ਐਲਾਨ ਹੁੰਦਿਆਂ ਹੀ ਪਿੰਡ ਵਿਚ ਘੁਸਰ ਮੁਸਰ ਸਿਖਰ 'ਤੇ ਪੁੱਜ ਗਈ ਸੀ। ਇੱਕ ਧੜੇ ਨੇ ਗੁਰਦੁਆਰੇ ਜਾ ਕੇ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ, ਦੂਜੇ ਨੇ ਸੱਥ 'ਚ ਜਾ ਕੇ ਹਾਜ਼ਰ ਲੋਕਾਂ ਤੋਂ ਸਹੁੰ ਪਵਾ ਦਿੱਤੀ। ਮੈਨੂੰ ਪਿੰਡੋਂ ਫੋਨ ਆਇਆ ਅਖੇ ਬਾਈ ਆਪਾਂ ਐਤਕੀ ਆਪਣੇ ਲਾਣੇ ਆਲਾ ਫਲਾਣਾ ਸਿਉਂ ਖੜ੍ਹਾ ਕਰਤਾ, ਤੈਨੂੰ ਮਿਲਣ ਆਉਣਾ।

ਦੂਜੇ ਦਿਨ ਸਵੇਰੇ ਸਾਢੇ ਕੁ ਛੇ ਵਜੇ ਹੀ ਮੇਰੇ ਚਾਚੇ ਦੇ ਪੁੱਤਰ ਸਰਪੰਚੀ ਦੇ ਉਮੀਦਵਾਰ ਨੂੰ ਲੈ ਕੇ ਆ ਗਏ। ਚਾਹ ਪੀਂਦਿਆਂ ਗੱਲਾਂ ਬਾਤਾਂ ਚੱਲੀਆਂ ਤਾਂ ਉਹ ਆਹਦੇ ਬਾਈ ਤੂੰ ਪਿੰਡ ਆ ਕੇ ਸਾਡੇ ਨਾਲ ਦੋ ਕੁ ਦਿਨ ਤੁਰੀਂ ਤੇ ਗੱਲਾਂ ਬਾਤਾਂ ਕਰੀਂ। ਅਸੀਂ ਚਾਹੇ ਕੁਝ ਵੀ ਕਹਿੰਦੇ ਰਹੀਏ ਪਰ ਸਰਕਾਰੀ ਸਕੀਮਾਂ ਅਤੇ ਗ੍ਰਾਂਟਾਂ ਆਦਿ ਦੇ ਅੰਕੜੇ ਤਾਂ ਤੂੰ ਹੀ ਦੱਸੇਂਗਾ। ਨਾ ਚਾਹੁੰਦਿਆਂ ਵੀ ਮੈਂ ਤੀਜੇ ਦਿਨ ਪਿੰਡ ਆਉਣ ਦੀ ਗੱਲ ਕਹੀ। ਮੈਂ ਪਿੰਡ ਦੀਆਂ ਗਲੀਆਂ 'ਚ ਸਹੀ ਦੋ ਸਾਲ ਬਾਅਦ ਤੁਰ ਰਿਹਾ ਸਾਂ। ਪਹਿਲੇ ਘਰ ਵੜੇ ਤਾਂ ਮੰਜੇ 'ਤੇ ਸਾਡੇ ਤਾਇਆਂ ਦੀ ਥਾਂ ਲੱਗਦਾ ਬਜ਼ੁਰਗ ਪਿਆ ਸੀ। ਸਾਡੇ ਉਮੀਦਵਾਰ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਕਿਹਾ, ''ਕਿਵੇਂ ਐ ਸਿਹਤ ਤਾਊ।'' ਨਾਲ ਹੀ ਉਸ ਨੇ ਕਿਹਾ, ''ਤਾਇਆ ਇਸ ਵਾਰ ਮੈਂ ਸਰਪੰਚ ਖੜ੍ਹਾਂ।'' ਮੰਜੇ 'ਤੇ ਨਿੱਸਲੀਆਂ ਲੱਤਾਂ ਸੰਭਾਲਦਾ ਤਾਇਆ ਬੋਲਿਆ ਬਹਿਜੋ ਭਾਈ।

ਸਾਨੂੰ ਕਈ ਜਣਿਆਂ ਨੂੰ ਵੇਖ ਕੇ ਦੋ ਕੁ ਜਾਣੇ ਗਲੀ ਲੰਘਦੇ ਵੀ ਆ ਗਏ ਅਤੇ ਘਰ ਦੀਆਂ ਔਰਤਾਂ ਵੀ ਆ ਗਈਆਂ। ਇੱਕ ਔਰਤ ਆਹਦੀ ਭਾਈ ਵੋਟਾਂ ਥੋਡੀਆਂ ਪੱਕੀਆਂ ਪਰ ਬਾਪੂ ਦੀ ਪਿਲਸ਼ਨ ਕਦੇ ਟੁੱਟਗੀ ਕਦੇ ਲੱਗਗੀ ਵਾਲਾ ਝੰਜਟ ਮੁਕਣਾ ਚਾਹੀਦੈ। ਕੋਲ ਖੜ੍ਹੇ ਇੱਕ ਬੰਦੇ ਨੇ ਕਿਹਾ ਬਾਈ ਜਿਹੜਾ ਬੰਦਾ ਆਟੇ-ਦਾਲ ਨਾਲ ਸਾਡੇ ਝੋਲੇ ਭਰੂ ਅਸੀਂ ਤਾਂ ਉਸੇ ਨੂੰ ਵੋਟ ਪਾਵਾਂਗੇ। ਮੇਰੇ ਨਾਲ ਵਾਲੇ ਹੁੰਗਾਰਾ ਜਿਹੇ ਭਰਦੇ ਅਗਲੇ ਘਰ ਜਾ ਵੜੇ, ਜੋ ਤੇਜੂ ਅਮਲੀ ਨਾਮੀ ਛੜੇ ਦਾ ਸੀ। ਖੰਘੂਰਾ ਸੁਣਕੇ ਖੇਸੀ ਦੀ ਬੁੱਕਲ ਜਿਹੀ ਮਾਰਦਾ ਤੇਜੂ ਆ ਧਮਕਿਆ। ਉਸਦੇ ਮੂੰਹੋਂ ਰਾਤ ਵਾਲੀ ਸ਼ਰਾਬ ਦੀ ਮੁਸ਼ਕ ਮਾਰ ਰਹੀ ਸੀ। ਵੋਟਾਂ ਦੀ ਗੱਲ ਚੱਲੀ ਤਾਂ ਉਹ ਆਹਦਾ ਭਰਾਵੋ ਜੇ 'ਫੀਮ ਭੁੱਕੀ ਦੀ ਖੁੱਲ੍ਹ ਕਰਵਾਉਗੇ ਫਿਰ ਤਾਂ ਮੇਰੀ ਵੋਟ ਪੱਕੀ ਸਮਝਿਓ ਨਹੀਂ ਤਾਂ ਦਿਨ ਦੇ ਦਿਨ ਵੇਖਾਂਗੇ। ਸਾਡਾ ਅਗਲਾ ਪੜਾਅ ਇੱਕ ਵੱਡੇ ਲਾਣੇ ਦੇ ਚਾਰ ਘਰਾਂ ਦੇ ਵਿਚਕਾਰ ਪਏ ਤਖਤਪੋਸ਼ 'ਤੇ ਹੋਇਆ। ਸਾਡੇ ਉਮੀਦਵਾਰ ਦੀ ਗੱਲ ਅਜੇ ਪੂਰੀ ਨਹੀਂ ਸੀ ਹੋਈ ਕਿ ਗਿਲੇ-ਸ਼ਿਕਵੇ ਸ਼ੁਰੂ ਹੋ ਗਏ। ਇੱਕ ਆਹਦਾ ਬਾਈ ਪਿਛਲੇ ਸਰਪੰਚ ਆਲੀ ਨਾ ਕਰਿਓ। ਉਹ ਵੀ ਆਇਆ ਸੀ ਵੋਟਾਂ ਮੰਗਣ ਪਰ ਪੰਜ ਸਾਲ ਧੇਲੇ ਦਾ ਕੰਮ ਵੀ ਨਹੀਂ ਕੀਤਾ। ਤਿੰਨ ਵਾਰ ਪੁਲੀਸ ਨੇ ਸਾਡੀ ਸ਼ਰਾਬ ਫੜੀ ਪਰ ਉਸ ਨੇ ਇੱਕ ਵਾਰ ਵੀ ਥਾਣੇ ਜਾ ਕੇ ਸਾਡੀ ਮੱਦਦ ਨਹੀਂ ਕੀਤੀ। ਇੱਕ ਹੋਰ ਆਹਦਾ ਜਦੋਂ ਮੇਰਾ ਆਪਣੀ ਘਰ ਵਾਲੀ ਨਾਲ ਰੌਲਾ ਪਿਆਂ ਤਾਂ ਉਹ ਮੇਰੇ ਸਹੁਰਿਆਂ ਦੇ ਪੱਖ ਦਾ ਹੋ ਕੇ ਖੜ੍ਹ ਗਿਆ ਅਖੇ ਔਰਤ 'ਤੇ ਜ਼ੁਲਮ ਕੀਤੈ ਤੂੰ। ਇਹੋ ਜਿਹੇ ਬੰਦੇ ਦੀ ਸਰਪੰਚੀ ਤੋਂ ਤਾਂ ਪਿੰਡ ਊਈਂ ਚੰਗਾ।

ਗਲੀ 'ਚ ਤੁਰੇ ਤਾਂ ਕਿਸੇ ਨੇ ਪਿੱਛਿਓਂ ਅਵਾਜ਼ ਮਾਰੀ ਬਾਈ ਓਏ ਰੁਕਿਓ ਜ਼ਰਾ। ਅਸੀਂ ਸਾਰੇ ਜਣੇ ਖੜੋ ਗਏ। ਕੋਲ ਆ ਕੇ ਉਹ ਆਹਦਾ ਬਾਈ ਮੇਰੀ ਵੋਟ ਪੱਕੀ ਪਰ ਮੇਰੀ ਇੱਕ ਸ਼ਰਤ ਐ। ਬਾਈ ਜਦੋਂ ਆਪਾਂ ਜਿੱਤਗੇ ਤਾਂ ਪਹਿਲਾ ਕੰਮ ਸ਼ੇਰੇ ਮੁੱਛਲ 'ਤੇ ਝੂਠਾ ਕੇਸ ਪਵਾ ਕੇ ਭੈਣੀ ਆਲੀ ਜੇਲ੍ਹ ਵਿਖਾਉਣ ਵਾਲਾ ਕਰਨੈ। ਆਵਦੀ ਸਰਕਾਰ ਵੇਲੇ ਉਹਨੇ ਬੜੇ ਕੁਪੱਤੇ ਕੰਮ ਕੀਤੇ ਨੇ। ਅੱਗੇ ਗਏ ਤਾਂ ਮੁਫ਼ਤ ਦੀ ਸ਼ਰਾਬ ਨਾਲ ਟੱਲੀ ਦਿਨ-ਰਾਤ ਦੇ ਪਿਆਕੜ ਨੇ ਸਾਡਾ ਰਾਹ ਰੋਕ ਲਿਆ ਆਹਦਾ ਬਾਈ ਵੋਟ ਇੱਕ ਨੀਂ ਪੂਰੀਆਂ ਪੰਜ ਪਵਾਊਂ ਪਰ ਜਿੱਤਣ ਬਾਅਦ ਮੈਂ ਘੋਨੇ

(ਬਾਕੀ ਸਫਾ 22 'ਤੇ)

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਅਵਤਾਰ ਸਿੰਘ (ਤਾਰੀ) ਸਹੋਤਾ, ਯੂਬਾ ਸਿਟੀ
(2) ਅਮੋਲਕ ਸਿੰਘ ਗਾਖਲ
(3) ਗੈਰੀ ਬਸਰਾਏ
(4) ਹਰਦੀਪ ਸਿੰਘ ਢਾਡਲੀ
(5) ਡਾ. ਚਰਨਜੀਤ ਸਿੰਘ ਉਪਲ
(6) ਸੱਬਾ ਥਿਆੜਾ
(7) ਕੁਲਦੀਪ ਸਿੰਘ ਅਟਵਾਲ/ ਸੁਰਜੀਤ ਸਿੰਘ ਅਟਵਾਲ
(8) ਬਘੇਲ ਸਿੰਘ ਜਸਵਾਲ
(9) ਗੁਰਵਿੰਦਰ ਸਿੰਘ ਮਾਵੀ
(10) ਡਾ. ਹਰਮੇਸ਼ ਕੁਮਾਰ
(11) ਸੁਰਿੰਦਰ ਸਿੰਘ ਧਨੋਆ
(12) ਅਵਤਾਰ ਸਿੰਘ ਤਾਰੀ
(13) ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ)
(14) ਸ. ਦੀਦਾਰ ਸਿੰਘ ਬੈਂਸ
(15) ਹਰਨੇਕ ਸਿੰਘ ਅਟਵਾਲ, ਸਟਾਕਟਨ
(16) ਅਨੂਪ ਸਿੰਘ ਚੀਮਾ
(17) ਬਲਦੇਵ ਸਿੰਘ ਮਾਨ
(18) ਸ੍ਰੀ ਸੁੱਚਾ ਰਾਮ ਜੀ
(19) ਜੌਹਨ ਸਿੰਘ ਗਿੱਲ
(20) ਉਂਕਾਰ ਸਿੰਘ ਸੈਣੀ
(21) ਕੁਲਵੰਤ ਸਿੰਘ ਨਿਜਰ, ਸੁਖਵੀਰ ਸਿੰਘ ਨਿਜਰ
(22) ਹੈਰੀ ਸਿੱਧੂ
(23) ਮਨਜੀਤ ਸਿੰਘ ਵਿਰਕ
(24) ਜਸਵੀਰ ਸਿੰਘ ਕੁਲਾਰ
(25) ਰਾਜ ਬਡਵਾਲ
(26) ਕਮਲਜੀਤ ਅਟਵਾਲ
(27) ਡਾ. ਭੁਪਿੰਦਰ ਭੰਡਾਰੀ

# ਪੰਜ ਰਾਜਾਂ ਦੀਆਂ ਚੋਣਾਂ- ਕਾਂਗਰਸ ਦੀ ਜਿੱਤ ਨਹੀ, ਭਾਜਪਾ ਦੀ ਹਾਰ



ਡਾ. ਸ਼ਿਆਮ ਸੁੰਦਰ ਦੀਪਤੀ

ਦੇਸ਼ ਦੇ ਪੰਜ ਰਾਜਾਂ ਵਿਚੋਂ ਖ਼ਾਸਕਰ ਤਿੰਨ ਹਿੰਦੀ-ਭਾਸ਼ੀ, ਗਾਂ-ਪੂਜਕ ਰਾਜਾਂ ਵਿਚ, ਜਿਥੇ ਭਾਜਪਾ ਦੀਆਂ ਮਜ਼ਬੂਤ ਸਰਕਾਰਾਂ ਸਨ, ਉਥੋਂ ਹਾਕਮ ਧਿਰ ਦਾ ਹਾਰ ਜਾਣਾ ਦੇਸ਼ ਦੇ ਲਈ ਕਈ ਮਾਅਨੇ ਰੱਖਦਾ ਹੈ, ਪਰ ਨਾਲ ਹੀ ਰਾਜਨੀਤਕ ਪਾਰਟੀਆਂ ਲਈ ਇਕ ਸੰਦੇਸ਼ ਵੀ ਹੈ। ਹਾਰ ਅਤੇ ਜਿੱਤ ਦਾ ਵਿਸ਼ਲੇਸ਼ਣ ਸਾਰੀਆਂ ਪਾਰਟੀਆਂ ਆਪਣੇ ਵਿਧੀਵਤ ਤਰੀਕੇ ਨਾਲ ਕਰਦੀਆਂ ਹੀ ਹਨ ਤੇ ਕਰ ਵੀ ਰਹੀਆਂ ਹੋਣਗੀਆਂ। ਚੋਣ ਅਤੇ ਸਿਆਸੀ ਮਾਹਿਰ ਵੀ ਆਪੋ-ਆਪਣੀ ਰਾਏ ਪੇਸ਼ ਕਰ ਰਹੇ ਹਨ, ਪਰ ਇਕ ਮੁੱਦਾ ਹੈ ਜੋ ਇਨ੍ਹਾਂ ਚੋਣਾਂ ਦੇ ਪ੍ਰਗਟਾਵੇ ਰਾਹੀਂ ਉਭਾਰਨ ਦੀ ਲੋੜ ਹੈ ਕਿ ਦੇਸ਼ ਦੇ ਲੋਕਾਂ ਦਾ ਮੂਡ ਅਸਲ ਵਿਚ ਕੀ ਹੈ।

ਸਾਲ 2013 'ਚ ਇਨ੍ਹਾਂ ਰਾਜਾਂ ਦੀ ਜਿੱਤ ਤੋਂ ਬਾਅਦ ਕੇਂਦਰ ਵਿਚ ਭਾਜਪਾ ਨੂੰ ਬਹੁਮਤ ਮਿਲਣਾ ਤੇ ਫਿਰ ਰਾਜ ਦਰ ਰਾਜ ਜਿੱਤਾਂ ਸਦਕਾ ਭਾਜਪਾ ਨੇ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੱਤਾ ਤੇ ਉਨ੍ਹਾਂ ਨੂੰ ਲੱਗਿਆ ਕਿ ਦੇਸ਼ ਨੂੰ ਸਾਡੀਆਂ ਨੀਤੀਆਂ ਦਾ ਸਮਰਥਨ ਹਾਸਿਲ ਹੋਇਆ। ਇਕ ਹੱਦ ਤਕ ਇਹ ਜਿੱਤ ਹੰਕਾਰ ਵਿਚ ਬਦਲੀ ਵੀ ਨਜ਼ਰ ਆਈ। ਭਾਜਪਾ ਨੇ ਕਦੇ ਇਸ ਨਜ਼ਰੀਏ ਤੋਂ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਕਾਂਗਰਸ ਦੀਆਂ ਨਾਕਾਮੀਆਂ ਕਰਕੇ ਹੈ। ਉਨ੍ਹਾਂ ਦੇ ਭ੍ਰਿਸ਼ਟਾਚਾਰ ਅਤੇ ਕੁਸ਼ਾਸਨ ਕਾਰਨ ਹੈ। ਇਸ ਨੂੰ ਇਕ ਹੋਰ ਪੱਖ ਤੋਂ ਵੀ ਸਮਝ ਸਕਦੇ ਹਾਂ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਵੱਲੋਂ, ਦੋਹਾਂ ਵੱਡੀਆਂ ਪਾਰਟੀਆਂ ਦਾ ਸਫ਼ਾਇਆ ਕਰ ਦੇਣਾ, ਲੋਕਾਂ ਦੀ ਇਸ ਭਾਵਨਾ ਨੂੰ ਦਰਸਾਉਂਦਾ ਸੀ ਕਿ ਉਹ ਰਵਾਇਤੀ ਰਾਜਨੀਤੀ ਤੋਂ ਤੰਗ ਆ ਚੁੱਕੇ ਹਨ ਤੇ ਕਿਸੇ ਨਵੇਂ ਵਿਚਾਰ ਅਤੇ ਕਾਰਜਪ੍ਰਣਾਲੀ ਵਾਲੇ ਲੋਕਾਂ ਨੂੰ ਮੌਕਾ ਦੇਣਾ ਚਾਹੁੰਦੇ ਹਨ। ਇਸੇ ਭਾਵਨਾ ਤਹਿਤ ਭਾਜਪਾ ਨੂੰ ਮੌਕਾ ਦੇਣਾ ਚਾਹੁੰਦੇ ਹਨ ਤੇ ਉਸ ਨੂੰ ਮੌਕਾ ਮਿਲਿਆ ਵੀ।

ਪਰ ਭਾਜਪਾ ਨੇ ਸੱਤਾ ਵਿਚ ਆਉਂਦਿਆਂ ਹੀ, ਆਪਣੇ ਮੁੱਖ ਏਜੰਡੇ ਹਿੰਦੂ ਰਾਸ਼ਟਰ ਉੱਪਰ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਇਸ ਭਰਮ ਨੂੰ ਵੀ ਪ੍ਰਚਾਰਿਆ ਕਿ ਸੰਤਾਲੀ ਦੀ ਵੰਡ ਦਾ ਆਧਾਰ ਧਰਮ ਸੀ ਤੇ ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ ਤਾਂ ਯਕੀਨਨ ਹਿੰਦੁਸਤਾਨ ਹਿੰਦੂਆਂ ਦਾ ਹੀ ਹੋਇਆ। ਇਥੇ ਇਸ ਤੱਥ ਨੂੰ ਲਾਂਭੇ ਕਰ ਦਿੱਤਾ ਗਿਆ ਕਿ ਭਾਰਤ ਵਿਚ ਪਾਕਿਸਤਾਨ ਤੋਂ ਵੀ ਵੱਧ ਮੁਸਲਮਾਨ ਹਨ ਤੇ ਉਨ੍ਹਾਂ ਨੇ ਲੋਕਤੰਤਰੀ ਤਰੀਕੇ ਨਾਲ ਰਹਿਣ ਨੂੰ ਤਰਜੀਹ ਦਿੱਤੀ। ਭਾਜਪਾ ਕੋਲ ਵੱਡੇ ਮੁੱਦੇ ਇਕਸਾਰ ਸਿਵਲ ਕੋਡ, ਧਾਰਾ 370, ਰਾਮ ਮੰਦਰ ਆਦਿ ਸਨ, ਪਰ ਉਨ੍ਹਾਂ ਨੇ ਇਸ ਸਬੰਧੀ ਮਾਹੌਲ ਦੀ ਤਿਆਰੀ ਤਹਿਤ ਲਵ ਜਿਹਾਦ, ਰਾਸ਼ਟਰਵਾਦ, ਗਊ ਰੱਖਿਆ, ਭਾਰਤ ਮਾਤਾ ਕੀ ਜੈ ਤੇ ਹਿੰਦੂ ਦੇਵੀ ਦੇਵਤਿਆਂ ਨਾਲ ਜੁੜੇ ਦਿਨਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਆਦਿ ਦਾ ਰਾਹ ਅਖ਼ਤਿਆਰ ਕੀਤਾ।

ਇਸ ਦੌਰਾਨ ਪੂਰੀ ਵਾਹ ਲੱਗੀ ਹੈ ਤੇ ਹਰ ਸੰਵੇਦਨਸ਼ੀਲ ਵਿਅਕਤੀ ਨੇ ਮਹਿਸੂਸ ਕੀਤਾ ਹੈ ਕਿ ਦੇਸ਼ ਨੂੰ ਘੱਟੋ ਘੱਟ ਦੋ ਵੱਡੇ ਸਮਾਜਾਂ ਵਿਚ ਵੰਡਣ ਦੀ ਸੁਰ ਤੇਜ਼ ਹੋਈ ਹੈ। ਇਸੇ ਸੋਚ ਤਹਿਤ 'ਪਾਕਿਸਤਾਨ ਚਲੇ ਜਾਉ' ਵਰਗੇ ਮਿਹਣੇ ਮਾਰਨ ਦੀ ਨੀਤੀ ਵੀ ਸਭ ਨੇ ਮਹਿਸੂਸ ਕੀਤੀ। ਇਥੇ ਇਹ ਸਮਝਣ ਦੀ ਲੋੜ ਹੈ ਕਿ ਆਪਣੇ ਕਾਰਜਕਾਲ ਦੌਰਾਨ ਭਾਜਪਾ ਨੇ ਆਪਣੇ ਮੁੱਖ ਮੁੱਦੇ ਪਿੱਛੇ ਹੀ ਰੱਖੇ ਹਨ ਤੇ ਪਹਿਲਾਂ ਇਕ ਵਾਤਾਵਰਨ, ਇਕ ਮਾਹੌਲ ਸਿਰਜਣ ਲਈ ਧਰੁਵੀਕਰਨ ਨੂੰ ਹਵਾ ਦਿੱਤੀ ਹੈ, ਜਿਸ ਦੀ ਝਲਕ ਪਾਰਟੀ ਵੱਲੋਂ ਕੀਤੀ ਗਈ ਟਿਕਟਾਂ ਦੀ ਵੰਡ ਵਿਚ ਵੀ ਦਿਸਦੀ ਹੈ।



ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਭਾਜਪਾ ਦੇ ਸਾਰੇ ਹੀ ਆਗੂ ਜਦੋਂ ਵੀ ਬੋਲਦੇ ਹਨ ਤਾਂ ਅਕਸਰ ਇਹ ਗੱਲ ਉਭਾਰਦੇ ਹਨ ਕਿ ਸਾਨੂੰ ਦੇਸ਼ ਦੇ 125 ਕਰੋੜ ਲੋਕਾਂ ਦਾ ਵਿਸ਼ਵਾਸ ਹਾਸਿਲ ਹੈ, ਸਾਨੂੰ 125 ਕਰੋੜ ਲੋਕਾਂ ਦੇ ਅਸ਼ੀਰਵਾਦ ਨੇ ਇਥੇ ਬਿਠਾਇਆ ਹੈ। ਪਤਾ ਨਹੀਂ ਇਹ ਦਾਅਵਾ ਕਿਸ ਸਰਵੇਖਣ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਜਦੋਂ ਕਿ ਚੋਣਾਂ ਵਿਚ ਭਾਜਪਾ ਨੂੰ ਕੁੱਲ 25 ਕਰੋੜ ਵੋਟਾਂ ਵੀ ਨਹੀਂ ਸਨ ਮਿਲੀਆਂ। ਖੈਰ! ਦੇਸ਼ ਦੀ ਹਾਕਮ ਪਾਰਟੀ ਨੇ ਸਭ ਦੇ ਕਲਿਆਣ ਲਈ ਕੰਮ ਕਰਨਾ ਹੁੰਦਾ ਹੈ, ਪਰ ਨਾਲ ਹੀ ਦੇਸ਼ ਵਿਚ ਵਿਰੋਧਤਾ ਦੀ ਸੁਰ ਵੀ ਉਭਰੀ ਹੈ। ਦੇਸ਼ ਦੇ ਬੁੱਧੀਜੀਵੀ, ਸੂਝਵਾਨ ਅਤੇ ਸੰਵੇਦਨਸ਼ੀਲ ਲੋਕਾਂ ਨੇ, ਦਿੱਲੀ ਸਮੇਤ ਸਾਰੇ ਦੇਸ਼ ਵਿਚ, 'ਨੌਟ ਮਾਈ ਨੇਮ'(ਮੇਰੇ ਨਾਂ ਤੋਂ ਨਹੀਂ), ਭਾਵ ਦੇਸ਼ ਦੀ ਵਿਗੜ ਰਹੀ ਹਾਲਤ ਜਾਂ ਚਲ ਰਹੀਆਂ ਨੀਤੀਆਂ ਵਿਚ ਮੈਂ ਸ਼ਾਮਿਲ ਨਹੀਂ ਹਾਂ' ਮੁਹਿੰਮ ਵੀ ਚਲਾਈ। ਪਰ ਅਜਿਹੀ ਆਵਾਜ਼ ਉਠਾਉਣ ਵਾਲੇ ਸੱਤਾ ਧਿਰ ਨੂੰ ਗਿਣਤੀ ਦੇ ਲੋਕ ਹੀ ਜਾਪੇ।

ਇਸ ਸਾਰੀ ਸਮਝ ਦੇ ਤਹਿਤ, ਮੌਜੂਦਾ ਚੋਣਾਂ ਨੂੰ ਵਿਸ਼ਲੇਸ਼ਿਤ ਕਰਨ ਦੀ ਲੋੜ ਹੈ। ਜਿਉਂ ਹੀ ਚੋਣਾਂ ਨਜ਼ਦੀਕ ਆਈਆਂ, ਰਾਮ ਮੰਦਰ ਦੀ ਉਸਾਰੀ ਅਹਿਮ ਮੁੱਦਾ ਬਣ ਗਿਆ। ਕਈ ਨਾਂਹਪੱਖੀ ਮੁੱਦੇ ਕਾਂਗਰਸ ਦੇ ਖੇਮੇ ਵਿਚ ਵੀ ਦਾਖਲ ਹੋਏ ਜੋ ਕਿ ਦੋਹਾਂ ਪਾਰਟੀਆਂ ਦੇ ਚਿਹਰੇ-ਮੋਹਰੇ ਦੇ ਫ਼ਰਕ ਨੂੰ ਮਿਟਾ ਰਹੇ ਸੀ।

ਦਰਅਸਲ ਸਾਨੂੰ ਆਪਣੇ ਦੇਸ਼ ਦੁਨੀਆਂ ਦੇ ਇਸ ਖਿੱਤੇ ਦੇ ਸੱਭਿਆਚਾਰ ਨੂੰ ਸਮਝਣਾ ਚਾਹੀਦਾ ਹੈ। ਇਸ ਗੱਲ ਨੂੰ ਕਈ ਸਾਹਿਤਕ, ਬੁੱਧੀਜੀਵੀ ਸੰਗਠਨਾਂ ਨੇ ਵੀ ਆਪੋ-ਆਪਣੇ ਪੱਧਰ 'ਤੇ ਸੰਬੋਧਿਤ ਕੀਤਾ ਹੈ ਕਿ ਦੇਸ਼ ਵਿਚ ਅਨੇਕਾਂ ਧਰਮ ਹਨ, ਸੈਂਕੜੇ ਹੀ ਬੋਲੀਆਂ ਅਤੇ ਰਸਮਾਂ-ਰੀਤਾਂ ਹਨ।

ਸਾਡੇ ਦੇਸ਼ ਦੀ ਇਕ ਵਿਸ਼ੇਸ਼ ਤਾਕਤ ਹੈ-ਅਨੇਕਤਾ (ਵਿਭਿੰਨਤਾ) ਵਿਚ ਏਕਤਾ। ਮਿਲ ਕੇ ਰਹਿਣ ਦੀ ਤਮੀਜ਼ ਤੇ ਤਹਿਜ਼ੀਬ। ਸਾਡੀ ਇਸ ਸੱਭਿਆਚਾਰਕ ਸਹਿਹੋਂਦ ਦੀ ਇਸ ਰਵਾਇਤ ਨੂੰ ਦੇਖ ਕੇ ਦੁਨੀਆ ਹੈਰਾਨ ਹੁੰਦੀ ਹੈ ਕਿ ਤੁਸੀਂ ਕਿਵੇਂ ਮਿਲਜੁਲ ਕੇ ਰਹਿ ਲੈਂਦੇ ਹੋ। ਦੁਨੀਆਂ ਵਿਚ ਸ਼ਾਇਦ ਹੀ ਕੋਈ ਖਿੱਤਾ ਹੋਵੇ, ਜਿਥੇ ਏਨੀ ਵਿਭਿੰਨਤਾ ਹੋਵੇ। ਸਾਡੀ ਵਿਭਿੰਨਤਾ ਵਿਚ ਮੌਜੂਦ ਵਖਰੇਵੇਂ, ਸਾਡੀ ਵੰਨਸੁਵੰਨਤਾ ਵੀ ਜ਼ਾਹਿਰ ਕਰਦੇ ਹਨ ਤੇ ਇਕਜੁੱਟਤਾ ਵੀ।

ਇਥੋਂ ਦੇ ਲੋਕਾਂ ਦੀ ਝੋਲੀ ਬਹੁਤੀ ਵੱਡੀ ਹੈ। ਅਸੀ ਸਭ ਨੂੰ ਆਪਣਾ ਬਣਾ ਲੈਣ ਵਾਲੇ ਲੋਕ ਹਾਂ। ਸਾਡੀਆਂ ਪਰੰਪਰਾਵਾਂ, ਰੀਤੀ ਰਿਵਾਜਾਂ ਵਿਚ ਸਾਫ਼ ਦਿਸਦਾ ਵੀ ਹੈ। ਦੇਸ਼ ਦੀ ਬਹੁਗਿਣਤੀ ਵਿਚ, ਇਕ ਰਸਮ ਤੋਂ ਅੰਦਾਜ਼ਾ ਲਗਾ ਕੇ ਦੇਖੋ, ਵਿਆਹ ਦੌਰਾਨ, ਜੈ ਮਾਲਾ ਦੀ ਰੀਤ, ਮੁੰਦਰੀ ਦੀ ਰਸਮ, ਕੇਕ ਕਟਣਾ ਆਦਿ ਸਾਰੇ ਹੀ ਦੇਖਣ ਨੂੰ ਮਿਲਦੇ ਹਨ ਤੇ ਇਹ ਕਿਸੇ ਇਕ ਧਰਮ ਜਾਂ ਖਿੱਤੇ ਦੇ ਨਹੀਂ। ਸਭ ਨੂੰ ਅਪਣਾਉਣਾ ਹੀ ਸੱਭਿਆਚਾਰ ਦੀ ਤਾਕਤ ਹੈ। ਇਸੇ ਤਰ੍ਹਾਂ ਅਸੀਂ ਮਿਲਜੁਲ ਕੇ ਇਕ ਦੂਸਰੇ ਦੇ ਤਿਉਹਾਰਾਂ ਵਿਚ ਸ਼ਾਮਿਲ ਹੀ ਨਹੀਂ ਹੁੰਦੇ, ਉਨ੍ਹਾਂ ਦਾ ਹਿੱਸਾ ਬਣਦੇ ਹਾਂ। ਕ੍ਰਿਸਮਸ ਦੇ ਦਿਨਾਂ ਵਿਚ, ਸੈਂਟਾ ਕਲਾਜ਼ ਦੀ ਡਰੈਸ, ਦੀਵਾਲੀ ਵਾਂਗ ਸੱਜੀਆਂ ਦੁਕਾਨਾਂ 'ਤੇ ਮਿਲਦੀ ਹੈ। ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਵੀ ਭਾਵੇਂ ਅੰਗਰੇਜ਼ਾਂ ਨੇ 'ਹਿੰਦੂ-ਪਾਣੀ ਮੁਸਲਮਾਨ-ਪਾਣੀ' ਵਾਲੀ ਖੇਡ ਖੇਡੀ, ਆਪਸੀ ਨਫ਼ਰਤ ਪੈਦਾ ਕਰਨ ਲਈ ਕਈ ਤੌਰ ਤਰੀਕੇ ਅਜ਼ਮਾਏ। ਭਾਵੇਂ ਉਹ ਕਾਫ਼ੀ ਹੱਦ ਤਕ ਕਾਮਯਾਬ ਵੀ ਹੋਏ, ਪਰ ਸਾਡੇ ਕੋਲ ਉਹ ਮਿਸਾਲਾਂ ਵੀ ਨੇ ਜਦੋਂ ਦੋਹਾਂ ਨੇ ਮਿਲ ਕੇ ਰਾਮ ਨੌਮੀ ਮਨਾਈ, ਇਕ ਦੂਸਰੇ ਦੇ ਘੜਿਆਂ ਵਿਚੋਂ ਪਾਣੀ ਪੀ ਕੇ ਅੰਗਰੇਜ਼ਾਂ ਨੂੰ ਠੋਕਵਾਂ ਜਵਾਬ ਦਿੱਤਾ। ਅਜਿਹੀਆਂ ਅਨੇਕਾਂ ਉਦਾਹਰਨਾਂ ਅੱਜ ਵੀ ਸਾਡੀ ਸੱਭਿਆਚਾਰਕ ਪਰੰਪਰਾ ਦਾ ਹਿੱਸਾ ਹਨ।

ਕਿਸੇ ਵੀ ਥਾਂ ਸੱਭਿਆਚਾਰ ਨੂੰ ਤੋੜਨਾ ਬਹੁਤਾ ਆਸਾਨ ਨਹੀਂ ਹੁੰਦਾ। ਸੱਭਿਆਚਾਰ ਇਕ ਹੀ ਦਿਨ ਵਿਚ ਨਹੀਂ ਉਸਰਦੇ। ਇਹ ਉਸ ਖਿੱਤੇ ਦੀ ਪੂਰੀ ਜੀਵਨ ਜਾਚ ਹੁੰਦੇ ਹਨ। ਜ਼ਿੰਦਗੀ ਜੀਣ ਦਾ ਤਰੀਕਾ। ਜੋ ਏਨੀ ਸਹਿਜਤਾ ਨਾਲ ਵਿਕਸਿਤ ਹੁੰਦੇ ਹਨ ਕਿ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ ਤੇ ਉਨ੍ਹਾਂ ਨੂੰ ਛੱਡਣਾ ਜਾਂ ਉਨ੍ਹਾਂ ਤੋਂ ਦੂਰੀ ਅਧੂਰੇਪਣ ਦਾ ਅਹਿਸਾਸ ਕਰਵਾਉਂਦੀ ਹੈ। ਇਸ ਨਜ਼ਰੀਏ ਨਾਲ ਸਾਡੇ ਲੋਕਾਂ ਦੇ ਸੱਭਿਆਚਾਰਕ ਮੁਹਾਂਦਰੇ, ਰਹਿਣੀ-ਸਹਿਣੀ ਨੂੰ ਸਮਝਣ ਦੀ ਲੋੜ ਹੈ, ਜਿਸ ਵਿਚ ਭਾਸ਼ਾ ਦੇ ਸ਼ਬਦਾਂ, ਬੋਲੀਆਂ, ਪਹਿਰਾਵੇ, ਤਿਉਹਾਰਾਂ ਦਾ ਮਨਾਉਣਾ ਆਪਸ ਵਿਚ ਘੁਲ ਮਿਲ ਗਏ ਹਨ।

ਇਸੇ ਤਰ੍ਹਾਂ ਇਨ੍ਹਾਂ ਚੋਣਾਂ ਨੇ ਭਾਜਪਾ ਦੇ ਹਿੰਦੂਵਾਦੀ, ਇਕਸਾਰਤਾ, ਇਕ ਰੰਗ ਦੀ ਮਾਨਸਿਕਤਾ ਵਾਲੇ ਪੱਖ ਨੂੰ ਨਕਾਰਿਆ ਹੈ। ਕਾਂਗਰਸ ਨੂੰ ਵੀ ਆਪਣੀ ਜਿੱਤ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ। ਅਸਲ ਵਿਚ ਇਹ ਭਾਰਤੀ ਸੱਭਿਆਚਾਰ ਵਿਚ ਪਈ ਖੁਲ੍ਹਦਿਲੀ ਦੀ ਜਿੱਤ ਹੈ, ਮਿਲ ਕੇ ਰਹਿਣ ਦੀ ਅਤੇ ਆਪਸੀ ਸਹਿਯੋਗ ਦੀ; ਨਾ ਕਿ ਕਿਸੇ ਵੀ ਤਰ੍ਹਾਂ ਕਾਂਗਰਸ ਦੀ। ਇਹ ਠੀਕ ਹੈ ਕਿ ਮੁੱਦੇ ਹੋਰ ਵੀ ਅਹਿਮ ਹਨ ਜਿਵੇਂ ਦੇਸ਼ ਅੰਦਰ ਨੌਜਵਾਨਾਂ ਦੀ ਬੇਰੁਜ਼ਗਾਰੀ, ਕਿਸਾਨਾਂ ਦੀ ਨਿੱਘਰਦੀ ਜਾ ਰਹੀ ਹਾਲਤ, ਔਰਤਾਂ ਦੀ ਅਸੁੱਰਖਿਆ ਆਦਿ ਜਿਨ੍ਹਾਂ ਨੂੰ ਸੰਬੋਧਿਤ ਹੋਣ ਦੀ ਲੋੜ ਹੈ। ਦੇਸ਼ ਦੀ ਕੋਈ ਵੀ ਰਾਜਨੀਤਕ ਪਾਰਟੀ ਹੋਵੇ, ਭਾਵੇਂ ਪੰਜਾਬ ਦੀ ਹੀ ਗੱਲ ਕਰ ਲਈਏ, ਧਾਰਮਿਕ ਕੱਟੜਤਾ ਦੇ ਮਾਮਲੇ ਵਿਚ ਸਭ ਨੂੰ ਦੇਸ਼ ਦੇ ਲੋਕਾਂ ਦਾ ਮੂਡ ਸਮਝਣਾ ਚਾਹੀਦਾ ਹੈ।

# ਹਿੰਸਕ ਭੀੜਾਂ ਦੀ ਹਿੰਸਾ: ਭੀੜ-ਤੰਤਰ, ਸਿਆਸਤ ਜਾਂ ਸਾਜ਼ਿਸ਼



ਸਿਮਰਨਜੀਤ ਕੌਰ

ਹਾਲ ਹੀ 'ਚ ਯੂਪੀ ਦੇ ਸ਼ਹਿਰ ਬੁਲੰਦਸ਼ਹਿਰ ਵਿਚ ਹੋਈ ਘਟਨਾ 'ਚ ਗਊਕੁਸ਼ੀ ਦੀ ਆੜ ਹੇਠ ਭੜਕੀ ਭੀੜ ਵੱਲੋਂ ਇਕ ਪੁਲਿਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਅਤੇ 20 ਸਾਲ ਦੇ ਸੁਮਿਤ ਨਾਮੀ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਜਨੂੰਨੀ ਭੀੜ ਵਿਚ ਬਜਰੰਗ ਦਲ ਅਤੇ ਹੋਰ ਕੱਟੜਪੰਥੀ ਕਾਰਕੁੰਨ ਸ਼ਾਮਿਲ ਸਨ। ਇਹ ਇੱਕਲਾ-ਕਾਰਾ ਅਜਿਹਾ ਮਾਮਲਾ ਨਹੀਂ ਹੈ, ਜਦੋਂ ਕੋਈ ਵਿਅਕਤੀ ਹਜੂਮ ਦਾ ਸ਼ਿਕਾਰ ਹੋਇਆ ਹੋਵੇ। ਪਿਛਲੇ ਕੁਝ ਸਾਲਾਂ ਤੋਂ ਅਜਿਹੇ ਮਾਮਲੇ ਆਮ ਹੀ ਸਾਹਮਣੇ ਆ ਰਹੇ ਹਨ।

ਸਤੰਬਰ 2015 ਵਿਚ ਉੱਤਰ ਪ੍ਰਦੇਸ਼ ਦੇ ਦਾਦਰੀ ਵਿਖੇ ਇਸੇ ਤਰ੍ਹਾਂ ਗਊਕੁਸ਼ੀ ਦੇ ਸ਼ੱਕ 'ਚ ਭੀੜ ਵੱਲੋਂ ਅਖ਼ਲਾਕ ਨਾਂ ਦੇ ਸ਼ਖ਼ਸ ਦੀ ਹੱਤਿਆ ਕਰ ਦਿੱਤੀ ਗਈ ਸੀ। ਉਸ ਸਮੇਂ ਅਖ਼ਲਾਕ ਦੀ ਮਾਂ ਨੇ ਬਿਆਨ ਵਿਚ ਕਿਹਾ ਸੀ ਕਿ ਪਿੰਡ ਵਿਚ ਰਹਿਣਾ ਜਾਂ ਨਾ ਰਹਿਣਾ ਹੁਣ ਉਨ੍ਹਾਂ ਦੇ ਹੱਥ ਵਿਚ ਨਹੀਂ ਹੈ, ਇਹ ਸਰਕਾਰ ਤੈਅ ਕਰੇਗੀ..। ਉਥੇ ਹੀ ਅਖ਼ਲਾਕ ਦੇ ਜਵਾਈ ਨੇ ਕਿਹਾ ਕਿ ਜੋ ਕੁਝ ਹੋਇਆ, ਇਸ ਪਿਛੇ ਕੋਈ ਸਾਜ਼ਿਸ਼ ਲੱਗਦੀ ਹੈ, ਕਿਉਂਕਿ ਇੰਨਾ ਸਭ ਕੁਝ ਅਚਾਨਕ ਨਹੀਂ ਹੋ ਸਕਦਾ।

ਅਖ਼ਲਾਕ ਦੇ ਪਰਿਵਾਰ ਨੂੰ ਡਰ ਸੀ ਕਿ ਅੱਗੋਂ ਵੀ ਉਨ੍ਹਾਂ ਨਾਲ ਅਜਿਹੀ ਘਟਨਾ ਹੋ ਸਕਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਘਰ ਛੱਡਣਾ ਪਿਆ। ਇਸੇ ਤਰ੍ਹਾਂ 22 ਜੂਨ, 2017 ਜੰਮੂ-ਕਸ਼ਮੀਰ ਦੇ ਸ੍ਰੀਨਗਰ ਵਿਚ ਵੀ ਪੁਲੀਸ ਅਫ਼ਸਰ ਆਯੂਬ ਪੰਡਿਤ ਦੀ ਜਾਮਾ ਮਸਜਿਦ ਦੇ ਬਾਹਰ ਭੀੜ ਵੱਲੋਂ ਹੱਤਿਆ ਕਰ ਦਿੱਤੀ ਗਈ ਸੀ ਅਤੇ 28 ਜੂਨ, 2017 ਝਾਰਖੰਡ ਵਿਚ ਗਊ ਰੱਖਿਅਕਾਂ ਵੱਲੋਂ ਇਕ ਵਿਅਕਤੀ ਨੂੰ ਕੁੱਟ ਕੁੱਟ ਕੇ ਅੱਧ-ਮਰਿਆ ਕਰ ਦਿੱਤਾ ਗਿਆ, ਜਿਸ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ। ਇਸੇ ਤਰ੍ਹਾਂ 18 ਜੂਨ, 2018 ਯੂ.ਪੀ. ਨੂੰ ਕਾਸਿਮ ਨਾਂ ਦੇ ਸ਼ਖ਼ਸ ਨੂੰ ਗਊ ਹੱਤਿਆ ਦਾ ਦੋਸ਼ ਲਗਾ ਕੇ ਭੀੜ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਹ ਸਿਰਫ਼ ਗਊਕੁਸ਼ੀ ਦਾ ਮਾਮਲਾ ਹੀ ਨਹੀਂ ਹੈ, ਇਸ ਤੋਂ ਇਲਾਵਾ ਬੱਚਾ ਚੋਰੀ ਦੀਆਂ ਫੈਲਾਈਆਂ ਅਫ਼ਵਾਹਾਂ ਤਹਿਤ ਭੜਕੀ ਭੀੜ ਦਾ ਵੀ ਬਹੁਤ ਲੋਕ ਸ਼ਿਕਾਰ ਹੋਏ ਹਨ। ਤ੍ਰਿਪੁਰਾ ਵਿਚ 28 ਜੂਨ, 2018 ਨੂੰ ਸਿਰਫ਼ ਬੱਚਾ ਚੋਰੀ ਦੇ ਸ਼ੱਕ ਤਹਿਤ ਭੀੜ ਨੇ ਇਕ ਸਰਕਾਰੀ ਕਰਮਚਾਰੀ ਸਮੇਤ ਤਿੰਨ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਮਹਾਰਾਸ਼ਟਰ ਦੇ ਧੁਲੇ ਵਿਚ ਵੀ ਪਹਿਲੀ ਜੁਲਾਈ, 2018 ਬੱਚਾ ਚੋਰੀ ਕਰਨ ਦੀ ਸਿਰਫ਼ ਅਫ਼ਵਾਹ ਦੇ ਮੱਦੇਨਜ਼ਰ ਭੀੜ ਵੱਲੋਂ ਪੰਜ ਵਿਅਕਤੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ, ਜਿਸ ਮਾਮਲੇ ਵਿਚ 23 ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ।

ਇਸ ਤਰ੍ਹਾਂ ਦੀਆਂ ਤੇਜ਼ੀ ਨਾਲ ਵਧਦੀਆਂ ਘਟਨਾਵਾਂ ਕਾਰਨ ਜੁਲਾਈ 2018 ਵਿਚ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਕਿ ਦੇਸ਼ ਵਿਚ ਭੀੜ ਨੂੰ ਇਸ ਤਰ੍ਹਾਂ ਦੀਆਂ ਭਿਆਨਕ ਕਾਰਵਾਈਆਂ ਕਰਨ ਇਜ਼ਾਜਤ ਨਹੀਂ ਦਿੱਤੀ ਜਾ ਸਕਦੀ। ਕਿਸੇ ਵੀ ਵਿਅਕਤੀ ਨੂੰ 'ਬਿਨਾ ਮੁਕੱਦਮੇ ਦੇ ਮਾਰ-ਮੁਕਾਉਣਾ' ਜਾਂ ਭੀੜ ਦੀ ਹਿੰਸਾ ਸਮਾਜ ਲਈ ਅਜਿਹਾ ਖ਼ਤਰਾ ਹੈ, ਜੋ ਹੌਲੀ ਹੌਲੀ ਵੱਡੇ ਤੂਫ਼ਾਨ ਦਾ ਰੂਪ ਲੈ ਸਕਦਾ ਹੈ। ਇਸ ਲਈ ਇਸ ਨੂੰ ਛੇਤੀ ਹੀ ਰੋਕਣਾ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਭੀੜ ਦੀ ਹਿੰਸਾ ਸਰਕਾਰਾਂ ਨੂੰ ਹੀ ਰੋਕਣੀ ਪਵੇਗੀ। ਰਾਜ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣਾ ਅਤੇ ਭੀੜ ਦੀ ਹਿੰਸਾ ਰੋਕਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸੁਪਰੀਮ ਕੋਰਟ ਨੇ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਕਹੀ ਕਿ ਕੁੱਟ-ਕੁੱਟ ਕੇ ਮਾਰਨ ਵਾਲੇ ਮਾਮਲੇ ਵਿਚ ਆਈਪੀਸੀ ਦੀ ਧਾਰਾ 302 ਲੱਗੇਗੀ ਅਤੇ ਧਾਰਾ 302 ਵਿਚ ਸਭ ਤੋਂ ਸਖ਼ਤ ਸਜ਼ਾ ਫਾਂਸੀ ਦੀ ਹੀ ਹੈ।

ਹਜੂਮੀ ਹਿੰਸਾ ਦੇ ਖਿਲਾਫ਼ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਕੁਝ ਦਿਨਾਂ ਬਾਅਦ ਹੀ ਜੁਲਾਈ 2018 ਵਿਚ ਰਾਜਸਥਾਨ ਦੇ ਜ਼ਿਲ੍ਹਾ ਅਲਵਰ ਵਿਚ ਗਊ ਤਸਕਰੀ ਦੇ ਸ਼ੱਕ ਤਹਿਤ ਰਕਬਰ ਨਾਂ ਦੇ ਵਿਅਕਤੀ ਨੂੰ ਭੀੜ ਵੱਲੋਂ ਓਦੋਂ ਤੱਕ ਕੁੱਟਿਆ-ਮਾਰਿਆ ਗਿਆ, ਜਦੋਂ ਤੱਕ ਉਸਦੀ ਮੌਤ ਨਾ ਹੋ ਗਈ। ਇਸ ਸਬੰਧੀ ਪੁਲੀਸ ਵੱਲੋਂ ਕੋਈ ਸਪੱਸ਼ਟ ਬਿਆਨ ਨਹੀਂ ਦਿੱਤਾ ਗਿਆ। ਹੋ ਸਕਦਾ ਹੈ ਕਿ ਸੁਰੱਖਿਆ ਕਰਮਚਾਰੀਆਂ ਨੂੰ ਵੀ ਇਸ ਮਾਮਲੇ ਵਿਚ ਕੋਈ ਡਰ ਹੋਵੇ। ਗੌਰਤਲਬ ਹੈ ਭੀੜ ਦੀ ਇਹ ਦਹਿਸ਼ਤ ਦਿਨ ਬ ਦਿਨ ਵੱਖ ਵੱਖ ਰੂਪਾਂ ਵਿਚ ਵਧਦਾ ਹੀ ਜਾ ਰਹੀ ਹੈ। ਸੁਪਰੀਮ ਕੋਰਟ ਦੇ ਸਖ਼ਤ ਫ਼ੈਸਲੇ ਤੋਂ ਬਾਅਦ ਵੀ ਭੀੜ 'ਤੇ ਕੋਈ ਅਸਰ ਨਹੀਂ ਹੋਇਆ ਤੇ ਅਜਿਹੀਆਂ ਘਟਨਾਵਾਂ ਲਗਾਤਾਰ ਜਾਰੀ ਹਨ। ਅਜਿਹੇ ਮਾਮਲਿਆਂ ਦੇ ਦੋਸ਼ੀਆਂ ਨੂੰ ਇਕ ਵਾਰ ਤਾਂ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਂਦੀ ਹੈ, ਪਰ ਉਹ ਕਾਰਵਾਈ ਕਿੰਨਾ ਸਮਾਂ ਚੱਲਦੀ ਹੈ, ਇਸ ਬਾਰੇ ਕਿਸੇ ਨੂੰ ਕੋਈ ਖ਼ਬਰ ਤੱਕ ਨਹੀਂ ਹੁੰਦੀ।

ਆਖਿਰ ਅਜਿਹੀ ਕੀ ਸਿਆਸਤ ਹੈ, ਜੋ ਭੀੜ ਨੂੰ ਰੋਕਣ ਦੀ ਬਜਾਏ ਉਸਦੇ ਹੌਂਸਲੇ ਬੁਲੰਦ ਕਰ ਰਹੀ ਹੈ ਅਤੇ ਸੋਸ਼ਲ ਮੀਡੀਆ ਰਾਹੀਂ ਫੈਲਾਈਆਂ ਅਫ਼ਵਾਹਾਂ ਪਿੱਛੇ ਅਜਿਹਾ ਕਿਹੜਾ ਸੱਚ ਹੈ, ਜੋ ਭੀੜ ਨੂੰ ਇਸ ਤਰ੍ਹਾਂ ਖ਼ਤਰਨਾਕ ਰੂਪ ਵਿਚ ਉਕਸਾ ਕੇ ਇਕ ਮੋਹਰੇ ਦੀ ਤਰ੍ਹਾਂ ਤਿਆਰ ਕਰ ਰਿਹਾ ਹੈ? ਬੇਸ਼ੱਕ ਧਰਮ, ਜਾਤ ਅਤੇ ਨਸਲ ਦੇ ਨਾਂ 'ਤੇ ਹਜੂਮ ਦੇ ਮੋਢੇ 'ਤੇ ਬੰਦੂਕ ਰੱਖ ਚਲਾਉਣਾ ਇਕ ਖ਼ਤਰਨਾਕ ਰੁਝਾਨ ਹੈ।

ਇਹ ਵੀ ਸਾਫ਼ ਹੈ ਕਿ ਹਜੂਮੀ ਹਿੰਸਾ ਜਿਹੇ ਮਾਮਲੇ ਕੋਈ ਇਕ ਪੱਖੀ ਜਾਂ ਇਕ ਧਿਰ ਵੱਲੋਂ ਕੀਤੇ ਮਾਮਲੇ ਨਹੀਂ ਹਨ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਅਚਾਨਕ ਹੋਈਆਂ ਘਟਨਾਵਾਂ ਹਨ। ਅਜਿਹੇ ਮਾਮਲਿਆਂ ਵਿਚ ਪਹਿਲਾਂ ਤੋਂ ਝੂਠੀਆਂ ਅਫ਼ਵਾਹਾਂ, ਵਿਅੰਗ ਅਤੇ ਭੜਕਾਊ ਬਿਆਨਾਂ ਜ਼ਰੀਏ ਇਕ ਮੰਚ ਤਿਆਰ ਕਰ ਲਿਆ ਜਾਂਦਾ ਹੈ, ਜਿਸ 'ਤੇ ਇਹ ਹਜੂਮੀ ਹਿੰਸਾ ਦੀ ਇਹ ਸਾਰੀ ਜਨੂੰਨੀ ਖੇਡ' ਰਚੀ ਜਾਂਦੀ ਹੈ।

ਅਜਿਹੀ ਹਜੂਮੀ ਖੇਡ ਵਿਚ ਮਿੱਥੀ ਹੋਈ ਧਿਰ ਤਾਂ ਸ਼ਿਕਾਰ ਹੁੰਦੀ ਹੀ ਹੈ, ਨਾਲ ਹੀ ਆਮ ਭੋਲੀ-ਭਾਲੀ ਜਨਤਾ ਵੀ ਇਸਦੀ ਲਪੇਟ ਵਿਚ ਆ ਜਾਂਦੀ ਹੈ। ਇਸ ਵਿਚ ਉਹੀ ਭੀੜ ਸ਼ਾਮਿਲ ਹੁੰਦੀ ਹੈ, ਜੋ ਅੱਜ ਦੇ ਮੌਜੂਦਾ ਹਾਲਾਤ ਤੋਂ ਨਿਰਾਸ਼, ਪਰੇਸ਼ਾਨ ਅਤੇ ਪੂਰੀ ਤਰ੍ਹਾਂ ਅਸੰਤੁਸ਼ਟ ਹੁੰਦੀ ਹੈ, ਜਿਨ੍ਹਾਂ 'ਤੇ ਕੋਈ ਵੀ ਛੋਟੀ ਤੋਂ ਛੋਟੀ ਅਫ਼ਵਾਹ ਅਸਾਨੀ ਨਾਲ ਆਪਣਾ ਅਸਰ ਕਰ ਸਕਦੀ ਹੈ।

ਸੋਸ਼ਲ ਮੀਡੀਆ ਇਕ ਅਜਿਹਾ ਜ਼ਰੀਆ ਹੈ, ਜਿਸ ਰਾਹੀਂ ਕਿਸੇ ਵੀ ਤਰ੍ਹਾਂ ਦੀ ਗੱਲ ਨੂੰ ਆਮ ਜਨਤਾ ਤੱਕ ਪਹੁੰਚਾਉਣਾ ਸੁਖਾਲਾ ਹੋ ਜਾਂਦਾ ਹੈ। ਜੇ ਅਸੀਂ ਵਧ ਰਹੀਆਂ ਅਜਿਹੀਆਂ ਘਟਨਾਵਾਂ ਦਾ ਕਾਰਨ ਸੋਸ਼ਲ ਮੀਡੀਆ ਨੂੰ ਹੀ ਮੰਨੀਏ ਤਾਂ ਇਹ ਵਾਜਿਬ ਨਹੀਂ ਹੈ। ਜਦੋਂ ਸਿਆਸੀ ਧਿਰਾਂ ਆਪਣੇ ਫੁੱਟ-ਪਾਊ ਮਕਸਦਾਂ ਨੂੰ ਅੰਜਾਮ ਦੇਣ ਲਈ ਸੋਸ਼ਲ-ਮੀਡੀਆ ਦਾ ਨਾਂਹ-ਪੱਖੀ ਇਸਤੇਮਾਲ ਕਰ ਸਕਦੀਆਂ ਹਨ ਤਾਂ ਪੜ੍ਹੇ-ਲਿਖੇ ਲੋਕ, ਜੋ ਤਰਕ ਦੇ ਅਧਾਰ 'ਤੇ ਸੋਚਦੇ ਹਨ ਉਹ ਅਜਿਹੀ ਸਿਆਸਤ ਦੇ ਜਵਾਬ 'ਚ ਉਸੇ ਸੋਸ਼ਲ ਮੀਡੀਆ ਨੂੰ ਹਾਂਪੱਖੀ ਮਕਸਦ ਲਈ ਕਿਉਂ ਨਹੀਂ ਵਰਤ ਸਕਦੇ? ਸੋਸ਼ਲ ਮੀਡੀਆ ਰਾਹੀਂ ਗਲਤ ਅਫ਼ਵਾਹਾਂ ਅਤੇ ਵਿਅੰਗਾਂ ਨੂੰ ਵਾਰ-ਵਾਰ ਗਲਤ ਦੱਸਣ ਦੀ ਲੋੜ ਹੈ ਤਾਂ ਕਿ ਆਮ ਲੋਕਾਂ ਵਿਚ ਸੁਭਾਵਿਕ ਨੈਤਿਕ ਸਮਝ ਕਾਇਮ ਰਹਿ ਸਕੇ।

ਇਨਹੇਂ ਬਤਾਓ ਕਿ ਲਹਰੇਂ ਜੁਦਾ ਨਹੀਂ ਹੋਤੀਂ
ਯੇ ਕੌਨ ਲੋਗ ਹੈਂ ਪਾਨੀ ਪੇ ਵਾਰ ਕਰਤੇ ਹੁਏ।
(ਸ਼ਾਹਿਦ ਜ਼ਕੀ)

ਇਸ ਸਬੰਧੀ ਸਰਕਾਰ 'ਕਹਿਣ ਨੂੰ' ਬਹੁਤ ਕੁਝ ਕਰਦੀ ਹੈ ਅਤੇ ਪੀੜਤਾਂ ਦੇ ਪਰਿਵਾਰ ਨੂੰ 'ਚੰਗੇ ਮੁਆਵਜੇ' ਵੀ ਦਿੰਦੀ ਹੈ। ਪਰ ਆਮ ਜਨਤਾ ਨੂੰ ਇਸ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਆਮ ਜਨਤਾ ਨੂੰ ਕਿਸੇ ਵੀ ਅਫ਼ਵਾਹ ਜਾਂ ਸ਼ੱਕ ਤਹਿਤ ਇਕਦਮ ਜਜ਼ਬਾਤੀ ਵਹਾਅ ਵਿਚ ਵਹਿਣ ਤੋਂ ਪਹਿਲਾਂ ਇਸ ਪਿੱਛੇ ਦੀ ਅਸਲੀਅਤ ਨੂੰ ਜਾਨਣਾ ਤੇ ਪਛਾਨਣਾ ਚਾਹੀਦਾ ਹੈ ਨਾ ਕਿ ਭੀੜ ਦਾ ਹਿੱਸਾ ਬਣ ਕੇ ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈਣਾ ਚਾਹੀਦਾ ਹੈ।

ਭਾਰਤੀ ਕਾਨੂੰਨ ਵਿਵਸਥਾ ਵੱਲੋਂ ਇਨ੍ਹਾਂ ਦੋਸ਼ੀਆਂ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਅਤੇ ਵਰਤੀ ਜਾਣ ਵਾਲੀ ਢਿੱਲ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਹੋਣ ਵਾਲੀ ਸਜ਼ਾ ਦਾ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਹੋਣਾ ਚਾਹੀਦਾ ਹੈ। ਇਸ ਹਜੂਮੀ ਕਤਲੋਗਾਰਤ ਪਿੱਛੇ ਕੰਮ ਕਰਦੇ ਮਾਫ਼ੀਆ ਵੱਲ ਵੀ ਉਂਗਲ ਕਰਨ ਦੀ ਲੋੜ ਹੈ।

# ਪਰਦੇਸ ਟਾਇਮਜ਼ ਵੱਲੋਂ ਨੀਟਾ ਮਾਛੀਕੇ/ਕੁਲਵੰਤ ਧਾਲੀਆ ਸਨਮਾਨਿਤ




ਪਿਛਲੇ ਹਫਤੇ ਫਰਿਜ਼ਨੋ ਵਿਖੇ ਇਕ ਪ੍ਰੋਗਰਾਮ ਵਿਚ ਪਰਦੇਸ ਟਾਇਮਜ਼ ਵੱਲੋਂ ਨੀਟਾ ਮਾਛੀਕੇ ਤੇ ਕੁਲਵੰਤ ਧਾਲੀਆ ਜੋ ਕਿ ਪ੍ਰੈਸ ਰਿਪੋਰਟਰ ਹਨ, ਨੂੰ ਵਧੀਆ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਪਰਦੇਸ ਟਾਇਮਜ਼ ਵੱਲੋਂ ਜਗਤਾਰ ਗਿੱਲ ਨੇ ਨੀਟਾ ਮਾਛੀਕੇ ਨੂੰ ਤੇ ਦਿਲ ਨਿਝਰ (ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰਾਂ ਵੱਲੋਂ ਕੁਲਵੰਤ ਧਾਲੀਆ ਜੀ ਨੂੰ ਸਨਮਾਨਿਤ ਕੀਤਾ ਗਿਆ। ਪਿਛਲੇ 12 ਸਾਲਾਂ ਤੋਂ ਦੋਵੇਂ ਪੱਤਰਕਾਰਾਂ ਨੇ ਪਰਦੇਸ ਟਾਇਮਜ਼ ਨੂੰ ਹਮੇਸ਼ਾ ਖਬਰਾਂ ਤੇ ਲੇਖ ਭੇਜ ਕੇ ਬਹੁਤ ਵੱਡੀ ਮਦਦ ਕੀਤੀ ਤੇ ਅੱਗੇ ਵੀ ਇਸ ਵਿਚ ਮਦਦ ਕਰਨ ਦਾ ਭਰੋਸਾ ਦਿੱਤਾ।

ਪਰਦੇਸ ਟਾਇਮਜ਼ ਵੱਲੋਂ ਇਸ ਮੌਕੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ

## ਜਸਵੀਰ ਸਿੰਘ ਤੱਖਰ ਦੇ ਪਿਤਾ ਮੁਖਤਿਆਰ ਸਿੰਘ ਤੱਖਰ ਸਵਰਗਵਾਸ



ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਵਾਇਸ ਪ੍ਰਧਾਨ ਸ੍ਰ ਜਸਵੀਰ ਸਿੰਘ ਤੱਖਰ ਦੇ ਪਿਤਾ ਸ੍ਰ ਮੁਖਤਿਆਰ ਸਿੰਘ ਤੱਖਰ ਪਿੰਡ ਰਾਮੂ ਵਾਲ ਜਿਲ੍ਹਾ ਜਲੰਧਰ ਸਵਰਗ ਸੁਧਾਰ ਗਏ ਹਨ। ਉਹ 76 ਸਾਲਾਂ ਦੇ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 510-755-2132 ਤੇ 917-513-5513 ਉਪਰ ਸੰਪਰਕ ਕੀਤਾ ਜਾ ਸਕਦਾ ਹੈ। ਪਰਦੇਸ ਟਾਇਮਜ਼ ਵਲੋਂ ਉਹਨਾਂ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਵਾਟਾ ਕੀਤਾ ਜਾਂਦਾ ਹੈ।



ਗੁਰਦੁਆਰਾ ਸਾਹਿਬ ਫਰੀਮਾਂਟ ਦੇ ਅਨਿਨ ਸੇਵਕ ਬਾਬਾ ਬਿੱਕਰ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ। ਪਰਦੇਸ ਟਾਇਮਜ਼ ਵੱਲੋਂ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ। ਵਾਹਿਗੁਰੂ ਉਹਨਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।


ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਸੁੱਚਾ ਰਾਮ ਭਾਰਟਾ ਅਤੇ ਸਮੂਹ ਪਰਿਵਾਰ

ਸ੍ਰੀ ਸੁੱਚਾ ਰਾਮ ਭਾਰਟਾ

ਸਾਬਕਾ ਚੇਅਰਮੈਨ

ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਬੇ-ਏਰੀਆ

650-207-6286





ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

ਕਿਰਪਾਲ ਸਿੰਘ ਅਟਵਾਲ

ਸੈਨਹੋਜੇ




ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਸ ਬਲਬੀਰ ਸਿੰਘ ਸੋਹਲ

ਮੁੱਖ ਸੇਵਾਦਾਰ, ਗੁਰਦੁਆਰਾ ਟਾਇਰਾ ਬੁਇਨਾ, ਯੂਬਾ ਸਿਟੀ 530-682-9300

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



# ਗੁਰਮੇਜ਼ ਸਿੰਘ ਗਿੱਲ

530-682-3112

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਕੁਲਦੀਪ ਸਿੰਘ ਸਹੋਤਾ (ਐਮ ਏ ਡੀ ਪੀ ਈ) (530-682-2953)

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



# DR. BHUPINDER BHANDARI

ਸਮਾਜ ਸੇਵਕ ਤੇ ਗੁਰੂ ਘਰਾਂ ਵਿਚ ਵੀ ਮੁਫਤ ਸੇਵਾ ਪ੍ਰਦਾਨ ਕਰਨ ਵਾਲੇ ਮਿੱਠੇ ਸੁਭਾਅ ਦੇ ਮਾਲਕ

ਫਰੀਮਾਂਟ (ਕੈਲੇਫੋਰਨੀਆ)

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



# ਭੁਪਿੰਦਰ ਸਿੰਘ ਪਦਮ ਅਤੇ ਸਮੂਹ ਪਰਿਵਾਰ

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

**A-1 INTERIOR DECORATION INC.**

3165 Arden Rd. Hayward (CA) 94545

CELL 510-565-6667

email: padambuilders@gmail.com
Licensed # 1019803

# ਬਰਗਾੜੀ ਮੋਰਚੇ ਦਾ ਅੰਜਾਮ ਅਤੇ ਪੰਜਾਬ ਦੀ ਸਿਆਸਤ



ਜਗਤਾਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਲਾਏ ਬਰਗਾੜੀ ਇਨਸਾਫ਼ ਮੋਰਚੇ ਦੀ ਸਮਾਪਤੀ ਉੱਤੇ ਇਸ ਦੇ ਕੁਝ ਸਮਰਥਕਾਂ ਵਲੋਂ ਰੋਸ ਪ੍ਰਗਟਾਇਆ ਗਿਆ ਹੈ ਪਰ ਇਸ ਦੀ ਕੁਝ ਹੱਦ ਤੱਕ ਹਾਸਲ ਕੀਤੀ ਕਾਮਯਾਬੀ ਨੇ ਪੰਜਾਬ ਦੇ ਸੰਘਰਸ਼ਾਂ ਦੇ ਇਤਿਹਾਸ ਵਿਚ ਲੰਬੇ ਸ਼ਾਂਤਮਈ ਅੰਦੋਲਨ ਵਜੋਂ ਨਵਾਂ ਕੀਰਤੀਮਾਨ ਸਿਰਜ ਦਿੱਤਾ ਹੈ। ਪਹਿਲੀ ਜੂਨ ਨੂੰ ਲਾਇਆ ਇਹ ਮੋਰਚਾ ਬਿਨਾਂ ਸ਼ੱਕ ਕੁਝ ਮਹੀਨੇ ਪਹਿਲਾਂ ਹੀ ਬੇਲੋੜੀਆਂ ਆਸਾਂ ਜਗਾਉਣ ਤੋਂ ਬਿਨਾਂ ਹੀ ਸਮਾਪਤ ਕੀਤਾ ਜਾ ਸਕਦਾ ਸੀ ਪਰ ਫ਼ਿਰ ਇਸ ਦੇ ਸਿਰ ਉੱਤੇ ਇਹ ਸਿਹਰਾ ਨਹੀਂ ਸੀ ਬੱਝਣਾ ਕਿ ਇਸ ਨੇ ਪੰਜ ਵਾਰੀ ਮੁੱਖ ਮੰਤਰੀ ਰਹੇ 'ਫ਼ਖ਼ਰ-ਏ-ਕੌਮ ਪੰਥ ਰਤਨ' ਪ੍ਰਕਾਸ਼ ਸਿੰਘ ਬਾਦਲ ਨੂੰ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਜਾ ਕੇ 'ਅਣਜਾਣੇ ਵਿਚ ਹੋਈਆਂ ਭੁੱਲਾਂ' ਬਖ਼ਸ਼ਾਉਣ ਲਈ ਮਜਬੂਰ ਕੀਤਾ।

ਬਰਗਾੜੀ ਅਤੇ ਹੋਰ ਥਾਵਾਂ ਉੱਤੇ ਕੀਤੀ ਗਈ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਨੂੰ ਲੈ ਕੇ ਬਰਗਾੜੀ ਇਨਸਾਫ਼ ਮੋਰਚਾ ਲਾਉਣ ਦਾ ਫ਼ੈਸਲਾ ਸਾਬਕਾ ਸੰਸਦ ਮੈਂਬਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ (ਕਾਰਜਕਾਰੀ) ਧਿਆਨ ਸਿੰਘ ਮੰਡ ਦਾ ਨਿੱਜੀ ਫ਼ੈਸਲਾ ਸੀ। ਬਹਿਬਲ ਕਲਾਂ ਵਿਚ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਸ਼ਾਂਤਮਈ ਰੋਸ ਪ੍ਰਗਟ ਕਰ ਰਹੇ ਦੋ ਸਿੱਖ ਨੌਜਵਾਨਾਂ ਨੂੰ ਗੋਲੀ ਮਾਰਨ ਲਈ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਵਿਰੁੱਧ ਕਾਨੂੰਨੀ ਕਾਰਵਾਈ ਅਤੇ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਵੀ ਇਸ ਮੋਰਚੇ ਦਾ ਨਿਸ਼ਾਨਾ ਸਨ। ਮੋਰਚੇ ਦੀ ਵਜ੍ਹਾ ਕਰ ਕੇ ਹੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਬੇਅਦਬੀ ਤੇ ਗੋਲੀ ਕਾਂਡਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੁਰੰਤ ਵਿਧਾਨ ਸਭਾ ਵਿਚ ਰੱਖ ਕੇ ਇਸ ਦੀਆਂ ਸਿਫ਼ਾਰਸ਼ਾਂ ਉੱਤੇ ਬਿਨਾਂ ਕੋਈ ਦੇਰੀ ਕੀਤਿਆਂ ਅਮਲ ਕਰਨਾ ਪਿਆ। ਇਸ ਰਿਪੋਰਟ ਵਿਚ ਪਹਿਲੀ ਵਾਰੀ ਬੇਅਦਬੀ ਅਤੇ ਗੋਲੀ ਕਾਂਡਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਸ ਦੇ ਪੁੱਤਰ ਤੇ ਸਾਬਕਾ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸੂਬੇ ਦੇ ਸਾਬਕਾ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਦੇ ਨਾਮ ਵੀ ਜੋੜੇ ਗਏ। ਕੈਪਟਨ ਅਮਰਿੰਦਰ ਸਿੰਘ ਦੀ ਬਾਦਲ ਪਰਿਵਾਰ ਨਾਲ ਗੁੱਝੀ ਸਾਂਝ ਹੋਣ ਦੇ ਆਮ ਪ੍ਰਭਾਵ ਤੋਂ ਐਨ ਉਲਟ ਅਮਰਿੰਦਰ ਸਿੰਘ ਨੇ ਇਸ ਰਿਪੋਰਟ ਦਾ ਤੀਰ ਚਲਾ ਕੇ ਬਾਦਲਾਂ ਦਾ ਸਭ ਤੋਂ ਵੱਧ ਸਿਆਸੀ ਨੁਕਸਾਨ ਕੀਤਾ। ਕੈਪਟਨ ਨੇ ਪੰਜਾਬ ਵਿਧਾਨ ਸਭਾ ਵਿਚ ਇਸ ਰਿਪੋਰਟ ਉੱਤੇ ਬਹਿਸ ਕਰਾਉਣ ਦਾ ਫੈਸਲਾ ਕਰ ਕੇ ਬਾਦਲਾਂ ਦਾ ਹੋਰ ਵੀ ਵੱਧ ਨੁਕਸਾਨ ਕੀਤਾ। ਇਸ ਰਿਪੋਰਟ ਦੇ ਜਨਤਕ ਹੋਣ ਤੋਂ ਬਾਅਦ ਹੀ ਪਿੰਡਾਂ ਵਿਚ ਲੋਕਾਂ ਨੇ ਬਾਦਲਾਂ ਵਿਰੁੱਧ ਰੋਸ ਮੁਜ਼ਾਹਰੇ ਕਰਨੇ ਸ਼ੁਰੂ ਕੀਤੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ, ਖਾਸ ਕਰ ਕੇ ਬਾਦਲ ਪਰਿਵਾਰ ਵਿਰੁੱਧ ਰੋਹ ਬਾਦਸਤੂਰ ਜਾਰੀ ਹੈ। ਕੈਪਟਨ ਸਰਕਾਰ ਵਲੋਂ ਇਨ੍ਹਾਂ ਘਟਨਾਵਾਂ ਦੀ ਹੋਰ ਡੂੰਘਾਈ ਵਿਚ ਜਾਂਚ ਕਰਨ ਲਈ ਪੰਜਾਬ ਪੁਲੀਸ ਦੀ ਬਣਾਈ ਗਈ ਇੱਕ ਹੋਰ ਵਿਸ਼ੇਸ਼ ਜਾਂਚ ਟੀਮ ਨੇ ਦੋਹਾਂ ਬਾਦਲਾਂ ਤੋਂ ਪੁੱਛ-ਗਿੱਛ ਕੀਤੀ ਹੈ। ਬੇਅਦਬੀ ਦੀਆਂ ਬਹੁਤੀਆਂ ਘਟਨਾਵਾਂ ਦੇ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਾਰੇ ਮੁਲਜ਼ਮ ਡੇਰਾ ਸੱਚਾ ਸੌਦਾ ਦੇ ਪੈਰੋਕਾਰ ਦੱਸੇ ਜਾ ਰਹੇ ਹਨ। ਇਸ ਡੇਰੇ ਦਾ ਮਾਲਵਾ ਖੇਤਰ ਵਿਚ ਕਾਫ਼ੀ ਪ੍ਰਭਾਵ ਮੰਨਿਆ ਜਾ ਰਿਹਾ ਹੈ ਅਤੇ ਇਹ ਵੀ ਸਮਝਿਆ ਜਾਂਦਾ ਹੈ ਕਿ ਡੇਰਾ ਪੈਰੋਕਾਰਾਂ ਦੀਆਂ ਵੋਟਾਂ ਇਸ ਖੇਤਰ ਦੇ ਕਈ ਹਲਕਿਆਂ ਦੇ ਨਤੀਜਿਆਂ ਨੂੰ ਪ੍ਰਭਾਵਤ ਕਰਦੀਆਂ ਹਨ। ਬਾਦਲਾਂ ਦੇ ਅਜੋਕੇ ਸੰਕਟ ਦੀਆਂ ਜੜ੍ਹਾਂ ਇਸ ਵੋਟਾਂ ਦੀ ਸਿਆਸਤ ਵਿਚ ਹੀ ਪਈਆਂ ਹਨ। ਇਹ ਕਿਹਾ ਜਾਂਦਾ ਹੈ ਕਿ ਸੁਖ਼ਬੀਰ ਸਿੰਘ ਬਾਦਲ ਨੇ 2009 ਦੀ ਲੋਕ ਸਭਾ ਚੋਣ ਤੋਂ ਪਹਿਲਾਂ ਵੋਟਾਂ ਖ਼ਾਤਰ ਡੇਰਾ ਪੈਰੋਕਾਰਾਂ ਨਾਲ ਗੁਪਤ ਸਬੰਧ ਸਾਧਣੇ ਸ਼ੁਰੂ ਕਰ ਦਿੱਤੇ ਸਨ; ਹਾਲਾਂਕਿ ਅਕਾਲ ਤਖ਼ਤ ਵੱਲੋਂ 2007 ਵਿਚ ਡੇਰਾ ਮੁਖੀ ਅਤੇ ਇਸ ਦੇ ਪੈਰੋਕਾਰਾਂ ਨਾਲ ਕੋਈ ਵੀ ਸਬੰਧ ਨਾ ਰੱਖਣ ਦਾ ਹੁਕਮਨਾਮਾ ਜਾਰੀ ਕੀਤਾ ਜਾ ਚੁੱਕਿਆ ਸੀ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਸੁਖ਼ਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਲੋਕ ਸਭਾ ਹਲਕੇ ਤੋਂ ਪਹਿਲੀ ਵਾਰੀ ਚੋਣ ਲੜੀ ਸੀ। ਇਸ ਸੀਟ ਤੋਂ ਹੀ ਉਹ 2014 ਵਿਚ ਚੋਣ ਜਿੱਤ ਕੇ ਮੋਦੀ ਸਰਕਾਰ ਵਿਚ ਕੈਬਨਿਟ ਮੰਤਰੀ ਬਣੀ।



ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਬਾਦਲ ਸਰਕਾਰ ਵਿਰੁੱਧ ਬਹੁਤ ਰੋਸ ਮੁਜ਼ਾਹਰੇ ਹੋਏ ਸਨ ਅਤੇ ਇਹ ਘਟਨਾਵਾਂ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਈ ਨਮੋਸ਼ੀ ਭਰੀ ਹਾਰ ਦਾ ਮੁੱਖ ਕਾਰਨ ਸਨ। ਬਰਗਾੜੀ ਮੋਰਚਾ ਪਹਿਲੀ ਜੂਨ ਨੂੰ ਉਸ ਸਮੇਂ ਲੱਗਿਆ ਜਦੋਂ ਸੁਖਬੀਰ ਸਿੰਘ ਬਾਦਲ ਪਾਰਟੀ ਨੂੰ ਮੁੜ ਉਭਾਰਨ ਦੇ ਯਤਨ ਕਰ ਰਿਹਾ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਸਰਗਰਮ ਸਿਆਸਤ ਤੋਂ ਤਕਰੀਬਨ ਸੰਨਿਆਸ ਲੈ ਚੁੱਕੇ ਸਨ। ਇਸ ਮੋਰਚੇ ਕਾਰਨ ਬੁਖ਼ਲਾਏ ਹੋਏ ਪ੍ਰਕਾਸ਼ ਸਿੰਘ ਬਾਦਲ ਨੇ ਮੁੜ ਪਾਰਟੀ ਦੀ ਕਮਾਂਡ ਸੰਭਾਲੀ ਪਰ ਇਸ ਦਾ ਕੋਈ ਫ਼ਾਇਦਾ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਬਰਗਾੜੀ ਮੋਰਚੇ ਨੂੰ ਜਦੋਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਦੀ ਹਮਾਇਤ ਮਿਲ ਰਹੀ ਸੀ ਤਾਂ ਉਸੇ ਸਮੇਂ ਹੀ ਬਾਦਲਾਂ ਨੇ ਮੋਰਚਾ ਲਾਉਣ ਵਾਲੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਅਤੇ ਉਸ ਦੇ ਸਾਥੀਆਂ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐੱਸਆਈ ਅਤੇ ਕਾਂਗਰਸ ਪਾਰਟੀ ਦੇ ਏਜੰਟ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਅਤੇ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਸ਼ੁਰੂ ਕੀਤੇ ਇਸ ਮੋਰਚੇ ਨੂੰ ਉਨ੍ਹਾਂ ਨੇ ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਨੂੰ ਖ਼ਤਰਾ ਦੱਸ ਕੇ ਵੀ ਬਦਨਾਮ ਕੀਤਾ। ਇਸ ਭੰਡੀ ਪ੍ਰਚਾਰ ਨੇ ਬਾਦਲਾਂ ਦਾ ਹੋਰ ਨੁਕਸਾਨ ਕੀਤਾ। 'ਅਣਜਾਣੇ ਵਿਚ ਹੋਈਆਂ ਭੁੱਲਾਂ' ਬਖ਼ਸ਼ਾਉਣ ਲਈ ਸ੍ਰੀ ਦਰਬਾਰ ਸਾਹਿਬ ਜਾ ਕੇ ਮੁਆਫ਼ੀ ਮੰਗਣ ਦੇ ਪੈਂਤੜੇ ਨੇ ਬਾਦਲਾਂ ਦਾ ਸੰਕਟ ਹੋਰ ਡੂੰਘਾ ਕਰ ਦਿੱਤਾ ਹੈ। ਅਕਾਲ ਤਖ਼ਤ ਸਾਹਮਣੇ ਪੇਸ਼ ਹੋ ਕੇ ਮੁਆਫ਼ੀ ਮੰਗਣ ਦਾ ਢੰਗ- ਤਰੀਕਾ ਸਿੱਖ ਰਹਿਤ ਮਰਿਯਾਦਾ ਵਿਚ ਦੱਸਿਆ ਹੋਇਆ ਹੈ। ਮੁਆਫ਼ੀ ਮੰਗਣ ਵਾਲੇ ਨੂੰ ਅਕਾਲ ਤਖ਼ਤ ਦੇ ਜਥੇਦਾਰ ਨੂੰ, ਕੀਤੇ ਗੁਨਾਹ ਜਾਂ ਕੀਤੀ ਗਲਤੀ ਦੀ ਮੁਆਫ਼ੀ ਲਈ ਲਿਖਤੀ ਅਰਜ਼ੋਈ ਕਰਨੀ ਪੈਂਦੀ ਹੈ। ਫਿਰ ਅਕਾਲ ਤਖ਼ਤ ਵਲੋਂ ਸੇਵਾ ਜਾਂ ਤਨਖ਼ਾਹ ਦੇ ਰੂਪ ਵਿਚ ਕੋਈ ਸਜ਼ਾ ਸੁਣਾਈ ਜਾਂਦੀ ਹੈ। ਇਸ ਤਨਖ਼ਾਹ ਦਾ ਮੁਜ਼ਾਹਰਾ ਨਹੀਂ ਕੀਤਾ ਜਾਂਦਾ। ਬਾਦਲਾਂ ਨੇ ਆਪੂੰ ਲਾਈ ਤਨਖ਼ਾਹ ਦੇ ਇਵਜ਼ ਵਿਚ ਸੇਵਾ ਕਰਕੇ ਸੇਵਾ ਦੇ ਸੰਕਲਪ ਨੂੰ ਹੀ ਨਕਾਰ ਦਿੱਤਾ ਹੈ।


ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਵਾਸਤੇ ਮਜਬੂਰ ਕਰਨ ਲਈ ਮੁੱਖ ਮੰਤਰੀ ਹੁੰਦਿਆਂ 2015 ਵਿਚ ਪ੍ਰਕਾਸ਼ ਸਿੰਘ ਬਾਦਲ ਦਾ ਤਖ਼ਤਾਂ ਦੇ ਜਥੇਦਾਰਾਂ ਨੂੰ ਆਪਣੀ ਰਿਹਾਇਸ਼ ਉੱਤੇ ਤਲਬ ਕਰਨਾ ਸਿੱਖ ਰਹਿਤ ਮਰਿਯਾਦਾ ਅਨੁਸਾਰ ਬਜਰ ਗੁਨਾਹ ਹੈ। ਵਿਵਾਦ ਵਾਲੇ ਡੇਰੇ ਦੇ ਪੈਰੋਕਾਰਾਂ ਦੀਆਂ ਵੋਟਾਂ ਲੈਣ ਖਾਤਰ ਅਕਾਲੀ ਦਲ ਦੀ ਰਣਨੀਤੀ ਵਿਚੋਂ ਹੀ ਸ੍ਰੀ ਗੁਰੂ ਗੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਿਕਲੀਆਂ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਅਜੇ ਤੱਕ ਆਪਣਾ ਇਹ ਗੁਨਾਹ ਨਹੀਂ ਕਬੂਲਿਆ ਕਿ ਉਸ ਨੇ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਲਈ ਕਹਿਣ ਖਾਤਰ ਪੰਥਕ ਮਰਿਯਾਦਾ ਦਾ ਉਲੰਘਣ ਕਰ ਕੇ ਜਥੇਦਾਰ ਸਾਹਿਬਾਨ ਨੂੰ ਆਪਣੀ ਸਰਕਾਰੀ ਰਿਹਾਇਸ਼ ਉੱਤੇ ਤਲਬ ਕੀਤਾ ਸੀ।

ਬਰਗਾੜੀ ਮੋਰਚੇ ਨੇ ਸ਼੍ਰੋਮਣੀ ਅਕਾਲੀ ਦਲ ਅੰਦਰ ਬਾਦਲਾਂ ਵਿਰੁੱਧ ਬਗਾਵਤ ਦੀ ਚੰਗਿਆੜੀ ਲਾਈ। ਸਿੱਖ ਧਾਰਮਿਕ-ਸਿਆਸੀ ਖੇਤਰ, ਜਿਸ ਵਿਚੋਂ ਅਕਾਲੀ ਦਲ ਦਿਨੋ-ਦਿਨ ਹਾਸ਼ੀਏ ਵੱਲ ਧੱਕਿਆ ਜਾ ਰਿਹਾ ਹੈ, ਵਿਚ ਪੈਦਾ ਹੋ ਰਿਹਾ ਖ਼ਲਾਅ ਭਰਨ ਲਈ ਵੱਖ ਵੱਖ ਪੱਧਰਾਂ ਉੱਤੇ ਯਤਨ ਹੋ ਰਹੇ ਹਨ। ਮੋਰਚੇ ਵਿਚ ਸ਼ਾਮਲ ਰਹੀਆਂ ਸਿੱਖ ਜਥੇਬੰਦੀਆਂ ਆਪਸੀ ਸਹਿਯੋਗ ਨਾਲ ਅੱਗੇ ਵਧਣ ਲਈ ਸਹਿਮਤ ਹੋਈਆਂ ਹਨ ਪਰ ਇਹ ਕਾਫ਼ੀ ਨਹੀਂ ਹੈ। ਧਿਆਨ ਸਿੰਘ ਮੰਡ ਦਾ ਅਜੇ ਇਕ ਇਮਤਿਹਾਨ ਹੋਰ ਹੋਣਾ ਹੈ। ਉਸ ਨੂੰ ਅਜਿਹਾ ਮੰਚ ਬਣਾਉਣਾ ਪਵੇਗਾ ਜਿਹੜਾ ਨਾ ਸਿਰਫ਼ ਸਿੱਖ ਮੁੱਦਿਆਂ ਲਈ ਆਵਾਜ਼ ਉਠਾਵੇ ਸਗੋਂ ਸਮਾਜ ਦੇ ਸਾਰੇ ਭਾਈਚਾਰਿਆਂ ਨੂੰ ਮਨਜ਼ੂਰ ਹੋਵੇ। ਇਸ ਮੰਚ ਦਾ ਆਗੂ ਅਸਰਦਾਰ ਅਗਵਾਈ ਦੇਣ ਅਤੇ ਢੁਕਵੇਂ ਸਮੇਂ ਉੱਤੇ ਦਰੁਸਤ ਫੈਸਲੇ ਕਰਨ ਦੇ ਸਮਰੱਥ ਹੋਵੇ।

ਪੰਜਾਬ ਦੇ ਸਿਆਸੀ ਖੇਤਰ ਵਿਚ ਇਸ ਸਮੇਂ ਬਹੁਤ ਕੁਝ ਰਿੜਕਿਆ ਜਾ ਰਿਹਾ ਹੈ। ਜ਼ਰੂਰੀ ਨਹੀਂ, ਇਸ ਦੇ ਕੋਈ ਤੁਰਤ-ਫ਼ੁਰਤ ਨਤੀਜੇ ਨਿਕਲਣ ਪਰ ਹੁਣ ਤੱਕ ਜੋ ਕੁਝ ਸਪਸ਼ਟ ਹੋ ਸਕਿਆ ਹੈ, ਉਹ ਇਹ ਹੈ ਕਿ ਬਾਦਲਾਂ ਵਲੋਂ ਚੁੱਕਿਆ ਜਾ ਰਿਹਾ ਹਰ ਕਦਮ ਉਨ੍ਹਾਂ ਨੂੰ ਲੋਕਾਂ ਨਾਲੋਂ ਹੋਰ ਨਿਖੇੜ ਰਿਹਾ ਹੈ। ਬਰਗਾੜੀ ਇਨਸਾਫ਼ ਮੋਰਚੇ ਦੇ ਮੁੱਖ ਸੂਤਰਧਾਰ ਧਿਆਨ ਸਿੰਘ ਮੰਡ ਨੇ ਕਿਹਾ ਹੈ ਕਿ ਉਹ 20 ਦਸੰਬਰ ਨੂੰ ਬਰਗਾੜੀ ਇਨਸਾਫ਼ ਮੋਰਚੇ ਦੇ ਦੂਜੇ ਪੜਾਅ ਦਾ ਐਲਾਨ ਕਰਨਗੇ। ਉਸ ਨੇ ਸਪਸ਼ਟ ਕੀਤਾ ਹੈ ਕਿ ਮੋਰਚਾ ਜਾਰੀ ਰਹੇਗਾ, ਸਿਰਫ਼ ਇਸ ਦਾ ਰੂਪ ਤੇ ਪੈਂਤੜਾ ਬਦਲਿਆ ਜਾ ਰਿਹਾ ਹੈ। ਉਂਝ, ਉਸ ਦੀ ਸਮੱਸਿਆ ਇਹ ਹੈ ਕਿ ਉਸ ਨੇ ਮੋਰਚੇ ਦੇ ਕਈ ਨਿਸ਼ਾਨੇ ਬਹੁਤ ਉੱਚੇ ਰੱਖ ਲਏ ਹਨ ਜਿਵੇਂ 1995 ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨਾ। ਬੁੜੈਲ ਜੇਲ੍ਹ ਤੋੜ ਕੇ ਭੱਜਣ ਕਾਰਨ ਕੋਈ ਵੀ ਉਸ ਨੂੰ ਪੰਜਾਬ ਵਿਚ ਲਿਆਉਣ ਲਈ ਤਿਆਰ ਨਹੀਂ ਹੈ। ਇਸੇ ਦੋਸ਼ ਵਿਚ ਮੌਤ ਤੱਕ ਦੀ ਉਮਰ ਕੈਦ ਕੱਟ ਰਹੇ ਹੋਰ ਦੋਸ਼ੀਆਂ ਦੀ ਰਿਹਾਈ ਵੀ ਸੰਭਵ ਨਹੀਂ ਜਾਪਦੀ, ਕਿਉਂਕਿ ਅਜਿਹੇ ਦੋਸ਼ੀਆਂ ਨੂੰ ਆਮ ਪ੍ਰਕਿਰਿਆ ਰਾਹੀਂ ਰਿਹਾਅ ਨਹੀਂ ਕੀਤਾ ਜਾ ਸਕਦਾ, ਅਜਿਹੀਆਂ ਰਿਹਾਈਆਂ ਸਰਕਾਰਾਂ ਨਾਲ ਕਿਸੇ ਸਮਝੌਤੇ ਤਹਿਤ ਹੀ ਸੰਭਵ ਹੁੰਦੀਆਂ ਹਨ, ਜਿਵੇਂ 1985 ਵਿਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਹੋਈਆਂ ਸਨ। ਪੰਜਾਬ ਸਰਕਾਰ ਨੇ ਮੋਰਚੇ ਦੀ ਇਹ ਮੰਗ ਮੰਨ ਲਈ ਹੈ ਕਿ ਕੈਦੀਆਂ ਨੂੰ ਇਕ ਸਾਲ ਵਿਚ ਮਿਲਣ ਵਾਲੀ ਪੈਰੋਲ ਦੀ ਮਿਆਦ 84 ਦਿਨਾਂ ਤੋਂ ਵਧਾ ਕੇ 120 ਦਿਨ ਕਰ ਦਿੱਤੀ ਜਾਵੇ। ਬਹਿਬਲ ਕਲਾਂ ਪੁਲੀਸ ਗੋਲੀ ਕਾਂਡ ਵਿਚ ਨਾਮਜ਼ਦ ਚਾਰ ਪੁਲੀਸ ਅਧਿਕਾਰੀਆਂ ਵਿਰੁੱਧ ਕਾਰਵਾਈ ਉਸ ਵੇਲੇ ਹੋਵੇਗੀ ਜਦੋਂ ਹਾਈਕੋਰਟ ਵਲੋਂ ਲਾਈ ਰੋਕ ਹਟਾ ਲਈ ਜਾਵੇਗੀ। ਬਰਗਾੜੀ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਬਾਦਲਾਂ ਉੱਤੇ ਲਗਾਤਾਰ ਬਣਿਆ ਹੋਇਆ ਦਬਾਅ ਹੈ ਅਤੇ ਇਹ ਘਟਦਾ ਨਜ਼ਰ ਨਹੀਂ ਆ ਰਿਹਾ।

ਮੋਰਚੇ ਦੀਆਂ ਉਹ ਸਾਰੀਆਂ ਮੰਗਾਂ ਪੰਜਾਬ ਸਰਕਾਰ ਨੇ ਮੰਨ ਲਈਆਂ ਹਨ ਜਿਨ੍ਹਾਂ ਬਾਰੇ ਗੱਲਬਾਤ ਚੱਲਦੀ ਰਹੀ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਧਿਆਨ ਸਿੰਘ ਮੰਡ ਮੋਰਚੇ ਦੇ ਦੂਜੇ ਪੜਾਅ ਦੌਰਾਨ ਇਸ ਨੂੰ ਮਨਚਾਹੀ ਮੰਜ਼ਿਲ ਉੱਤੇ ਲਿਜਾਣ ਲਈ ਲੋੜੀਦਾ ਉਤਸ਼ਾਹ ਕਿਵੇਂ ਬਰਕਰਾਰ ਰੱਖਣਗੇ।

# ਸਿੱਖ ਭਾਈਚਾਰੇ ਦੀ ਕੈਨੇਡਾ ਨਾਲ ਨਾਰਾਜ਼ਗੀ



ਵਪੱਲਾ ਬਾਲਾਚੰਦਰਨ

ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੂੰ ਕੌਮੀ ਸਲਾਮਤੀ ਅਤੇ ਦਹਿਸ਼ਤ-ਗਰਦੀ ਵਰਗੇ ਮੁੱਦਿਆਂ ਉਤੇ ਔਖੇ ਹਾਲਾਤ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਇਹ ਨਹੀਂ ਕਿ ਮੁਲਕ ਵਿਚ ਦਹਿਸ਼ਤੀ ਹਿੰਸਾ ਬੇਕਾਬੂ ਹੋ ਗਈ ਹੈ ਸਗੋਂ ਸਾਲ 2014 ਤੋਂ ਹੀ ਕੈਨੇਡਾ ਵਿਚ ਦਹਿਸ਼ਤਗਰਦੀ ਦਾ ਖ਼ਤਰਾ 'ਦਰਮਿਆਨੇ' ਪੱਧਰ ਦਾ ਕਰਾਰ ਦਿੱਤਾ ਜਾ ਰਿਹਾ ਹੈ।

ਇਸ ਦਾ ਕਾਰਨ ਸੁਰੱਖਿਆ ਤੇ ਦਹਿਸ਼ਤਗਰਦੀ ਸਬੰਧੀ ਦੋਇਮ ਦਰਜੇ ਦੇ ਮੁੱਦਿਆਂ ਦਾ ਉਭਾਰ ਹੈ ਜਿਹੜੇ ਹੁਣ ਮੁਲਕ ਵਿਚ ਫੁੱਟਪਾਊ ਕਾਰਕਾਂ ਵਜੋਂ ਆਮ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਅਜਿਹਾ ਉਦੋਂ ਸ਼ੁਰੂ ਹੋਇਆ ਜਦੋਂ ਸਰਕਾਰ ਨੇ 'ਨੈਸ਼ਨਲ ਸਕਿਉਰਿਟੀ (ਕੌਮੀ ਸਲਾਮਤੀ) ਐਕਟ-2017' ਪੇਸ਼ ਕੀਤਾ ਜਿਸ ਨੂੰ ਸੀ-59 ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਾ ਮਕਸਦ ਜਾਸੂਸੀ ਅਤੇ ਅਪਰੇਸ਼ਨਲ ਸ਼ਾਖ਼ਾਵਾਂ ਵਿਚ ਵਿਆਪਕ ਸੁਧਾਰ ਕਰਨਾ ਸੀ। ਇਹ 1984 ਵਿਚ ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ (ਸੀਐੱਸਆਈਐੱਸ) ਦੀ ਸਥਾਪਨਾ ਤੋਂ ਬਾਅਦ ਸੁਰੱਖਿਆ ਪੱਖੋਂ ਹੁਣ ਤੱਕ ਦਾ ਸਭ ਤੋਂ ਵੱਡਾ ਕਦਮ ਹੈ। ਸੀਐੱਸਆਈਐੱਸ ਦੀ ਸਥਾਪਨਾ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਦੀ ਥਾਂ ਚੀਫ਼ ਕੁਲੈਕਟਰ ਆਫ਼ ਨੈਸ਼ਨਲ ਸਕਿਉਰਿਟੀ ਇੰਟੈਲੀਜੈਂਸ ਵਜੋਂ ਕੀਤੀ ਗਈ ਸੀ। ਕੈਨੇਡੀਅਨ ਬਾਰ ਐਸੋਸੀਏਸ਼ਨ ਨੇ ਸੀ-59 ਨੂੰ ਕਾਨੂੰਨੀ ਸੁਰੱਖਿਆ ਢਾਂਚੇ ਦੇ ਆਧੁਨਿਕੀਕਰਨ ਲਈ ਹਾਂਪੱਖੀ ਤਬਦੀਲੀ ਕਰਾਰ ਦਿੰਦਿਆਂ ਕੁੱਲ ਮਿਲਾ ਕੇ ਇਸ ਦਾ ਸਵਾਗਤ ਕੀਤਾ ਹੈ।

ਦੂਜੇ ਪਾਸੇ, ਇਸ ਦਾ ਸਭ ਤੋਂ ਤਿੱਖਾ ਵਿਰੋਧ ਸ਼ਹਿਰੀ ਆਜ਼ਾਦੀਆਂ ਲਈ ਕੰਮ ਕਰਨ ਵਾਲੀ ਕੈਨੇਡੀਅਨ ਸਿਵਿਲ ਲਿਬਰਟੀਜ਼ ਐਸੋਸੀਏਸ਼ਨ (ਸੀਸੀਐੱਲਏ) ਨੇ ਕੀਤਾ ਜਿਸ ਨੇ ਇਸ ਨੂੰ ਨਵੇਂ ਕਾਨੂੰਨ ਤਹਿਤ ਸੀਐੱਸਆਈਐੱਸ ਨੂੰ ਦਿੱਤੀਆਂ ਗਈਆਂ ਨਵੀਆਂ 'ਵਿਘਨਕਾਰੀ ਤਾਕਤਾਂ' ਕਰਾਰ ਦਿੱਤਾ ਹੈ। ਇਸ ਨੇ ਮੁਲਕ ਨੂੰ ਚੇਤੇ ਕਰਾਇਆ ਕਿ ਸੀ ਐੱਸ ਆਈ ਐੱਸ ਦੀ ਸਥਾਪਨਾ ਮੈਕਡੌਨਲਡ ਕਮਿਸ਼ਨ (1977-1981) ਦੀਆਂ ਸਿਫ਼ਾਰਸ਼ਾਂ ਤਹਿਤ ਇੰਟੈਲੀਜੈਂਸ ਸੂਚਨਾਵਾਂ ਇਕੱਤਰ ਕਰਨ ਦੇ ਅਮਲ ਨੂੰ ਫ਼ੌਜਦਾਰੀ ਜਾਂਚ ਅਤੇ ਪ੍ਰਸ਼ਾਸਨਿਕ ਕਾਰਵਾਈ ਤੋਂ ਵੱਖ ਕਰਨ ਲਈ ਕੀਤੀ ਗਈ ਸੀ। ਇਸ ਕਮਿਸ਼ਨ ਨੇ ਆਰਸੀਐੱਮਪੀ ਦੀਆਂ ਵਧੀਕੀਆਂ ਦੀ ਜਾਂਚ ਕੀਤੀ ਸੀ। ਹੁਣ ਉਸੇ ਢੰਗ ਨਾਲ ਸੀ ਐੱਸ ਆਈ ਐੱਸ ਨੂੰ ਵੀ ਪ੍ਰਸ਼ਾਸਨਿਕ ਸ਼ਕਤੀਆਂ ਦੇ ਦਿੱਤੀਆਂ ਗਈਆਂ ਹਨ ਜਿਸ ਤਹਿਤ ਇਹ ਆਪਣੇ ਖ਼ੁਫ਼ੀਆ ਜਾਣਕਾਰੀ ਇਕੱਤਰ ਕਰਨ ਦੇ ਅਮਲ ਦੌਰਾਨ ਕਥਿਤ ਦਹਿਸ਼ਤੀ ਸਰਗਰਮੀਆਂ ਨੂੰ ਰੋਕਣ ਲਈ ਪੈਸੇ ਦੇ ਤਬਾਦਲੇ ਵਿਚ ਰੁਕਾਵਟ ਪੈਦਾ ਕਰਨ ਜਾਂ ਜਾਅਲੀ ਦਸਤਾਵੇਜ਼ ਪੇਸ਼ ਕਰਨ ਵਰਗੀਆਂ ਕਾਰਵਾਈਆਂ ਕਰ ਸਕਦੀ ਹੈ। ਐਸੋਸੀਏਸ਼ਨ ਸਮਝਦੀ ਹੈ ਕਿ ਇਹ ਚੀਜ਼ ਸ਼ਹਿਰੀ ਹੱਕਾਂ ਦੇ ਖ਼ਿਲਾਫ਼ ਹੈ ਤੇ ਇਸ ਦੀ ਦੁਰਵਰਤੋਂ ਹੋ ਸਕਦੀ ਹੈ।

ਇਸ ਵਿਰੋਧੀ ਜਨਤਕ ਚਰਚਾ ਨੇ ਬਿਲ ਦੀ ਪੇਸ਼ਕਦਮੀ ਦੀ ਰਫ਼ਤਾਰ ਮੱਠੀ ਕਰ ਦਿੱਤੀ ਹੈ। ਕੈਨੇਡੀਅਨ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ਼ ਕੌਮਨਜ਼' ਅਤੇ ਕਮੇਟੀ ਪੱਧਰ 'ਤੇ ਤਿੰਨ ਪੜ੍ਹਤਾਂ ਤੋਂ ਬਾਅਦ, ਇਹ ਉਪਰਲੇ ਸਦਨ ਸੈਨੇਟ ਦੀ ਦੂਜੀ ਪੜ੍ਹਤ ਤੱਕ ਪੁੱਜਾ। ਫਿਰ ਇਸ ਨੂੰ 11 ਦਸੰਬਰ, 2018 ਨੂੰ ਕਮੇਟੀ ਹਵਾਲੇ ਕਰ ਦਿੱਤਾ ਗਿਆ।

ਦਹਿਸ਼ਤਗਰਦੀ ਬਾਰੇ ਪਬਲਿਕ ਰਿਪੋਰਟ: ਉਂਝ, ਜਿਸ ਗੱਲ ਨੇ ਇਸ ਸੁਰੱਖਿਆ ਚਰਚਾ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦੇ ਜਨਤਕ ਪ੍ਰਗਟਾਵੇ ਦਾ ਕਾਰਨ ਬਣਾਇਆ, ਉਹ 'ਕੈਨੇਡਾ ਨੂੰ ਦਹਿਸ਼ਤਗਰਦੀ ਦੇ ਖ਼ਤਰੇ ਬਾਰੇ ਪਬਲਿਕ ਰਿਪੋਰਟ' (2018) ਹੈ। ਇਸ ਨੇ ਭਾਰਤ ਨੂੰ ਵੀ ਵਿਵਾਦਾਂ ਵਿਚ ਘੜੀਸ ਲਿਆ ਹੈ।

ਪਬਲਿਕ ਸੇਫਟੀ ਅਤੇ ਐਮਰਜੈਂਸੀ

(ਬਾਕੀ ਸਫਾ 22 'ਤੇ)



Issue- 311, Vol-13, January 2, 2019

# ਕਰਤਾਰਪੁਰ ਲਾਂਘਾ ਤੇ ਭਾਰਤ-ਪਾਕਿ ਸਬੰਧਾਂ ਲਈ ਚੁਣੌਤੀ

ਵਿਵੇਕ ਕਾਟਜੂ

ਜੇ ਪਾਕਿਸਤਾਨ ਦਾ ਇਰਾਦਾ ਵਾਕਈ ਕਰਤਾਰਪੁਰ ਸਾਹਿਬ ਨੂੰ ਅਮਨ ਦਾ ਕੇਂਦਰ ਬਣਾਉਣਾ ਅਤੇ ਗੱਲਬਾਤ ਤੋਂ ਲਗਾਤਾਰ ਟਾਲਾ ਵੱਟਦੇ ਆ ਰਹੇ ਭਾਰਤ ਨੂੰ ਗੱਲਬਾਤ ਦੇ ਰਾਹ 'ਤੇ ਲਿਆਉਣਾ ਸੀ ਤਾਂ 28 ਨਵੰਬਰ ਨੂੰ ਨੀਂਹ ਪੱਥਰ ਰੱਖਣ ਦੇ ਸਮਾਗਮ ਮੌਕੇ ਵਜ਼ੀਰ-ਏ-ਆਜ਼ਮ ਇਮਰਾਨ ਖ਼ਾਨ ਤੇ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੀਆਂ ਟਿੱਪਣੀਆਂ ਤੇ ਕਾਰਵਾਈਆਂ ਅਤੇ ਬਾਅਦ ਵਿਚ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੀਆਂ ਟਿੱਪਣੀਆਂ ਇਸ ਤੋਂ ਉਲਟਾ ਪ੍ਰਭਾਵ ਪਾਉਣ ਵਾਲੀਆਂ ਹਨ। ਹੋ ਸਕਦਾ ਹੈ ਕਿ ਇਮਰਾਨ ਖ਼ਾਨ ਦਾ ਸ਼ੁਰੂਆਤੀ ਇਰਾਦਾ ਇਸ ਮੌਕੇ ਨੂੰ ਭਾਰਤ-ਪਾਕਿਸਤਾਨ ਸਬੰਧਾਂ ਦੀ ਤਲਖ਼ੀ ਘਟਾ ਕੇ ਆਮ ਵਰਗੇ ਬਣਾਉਣ ਦਾ ਰਿਹਾ ਹੋਵੇ ਪਰ ਜੇ ਇੰਝ ਹੀ ਸੀ ਤਾਂ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਕਸ਼ਮੀਰ ਮੁੱਦੇ ਦੇ ਜ਼ਿਕਰ ਨਾਲ ਕੁੜੱਤਣ ਫੈਲੇਗੀ। ਜਨਰਲ ਬਾਜਵਾ ਦੀ ਮੌਜੂਦਗੀ ਇਸ ਗੱਲੋਂ ਤਾਂ ਲਾਹੇਵੰਦ ਸੀ ਕਿ ਇਸ ਨਾਲ ਇਹ ਸੰਕੇਤ ਮਿਲਿਆ ਕਿ ਲਾਂਘਾ ਖੋਲ੍ਹਣ ਲਈ ਫ਼ੌਜ ਦੀ ਪੂਰੀ ਸਹਿਮਤੀ ਹੈ ਪਰ ਇਕ ਜਾਣੇ-ਪਛਾਣੇ ਖ਼ਾਲਿਸਤਾਨੀ ਹਮਾਇਤੀ ਨਾਲ ਹੱਥ ਮਿਲਾਉਣ ਕਰਕੇ ਪਾਕਿਸਤਾਨੀ ਫ਼ੌਜ ਜਿਹੀ ਸਰਬ-ਸ਼ਕਤੀਸ਼ਾਲੀ ਸੰਸਥਾ ਦੇ ਮਨਸੂਬਿਆਂ ਬਾਰੇ ਜੋ ਸਵਾਲ ਉੱਭਰੇ ਹਨ, ਉਹ ਵਾਜਿਬ ਹਨ।

ਕੁਰੈਸ਼ੀ ਦੀ ਇਹ ਸ਼ੇਖੀ ਨਿਹਾਇਤ ਅਹਿਮਕਾਨਾ ਸੀ ਕਿ ਇਮਰਾਨ ਨੇ 'ਗੁਗਲੀ' ਸੁੱਟੀ ਜਿਸ ਕਰ ਕੇ ਭਾਰਤ ਨੀਂਹ-ਪੱਥਰ ਸਮਾਗਮ ਲਈ ਆਪਣੇ ਦੋ ਮੰਤਰੀ ਭੇਜਣ ਲਈ ਮਜਬੂਰ ਹੋ ਗਿਆ। ਕਰਤਾਰਪੁਰ ਸਾਹਿਬ ਲਾਂਘੇ ਸਦਕਾ ਦੁਵੱਲੇ ਸਬੰਧਾਂ 'ਤੇ ਹਾਂ-ਪੱਖੀ ਪ੍ਰਭਾਵ ਦੀ ਸੰਭਾਵਨਾ ਬਾਰੇ ਭਾਰਤ ਨੇ ਵੀ ਕਈ ਕਦਮ ਉਠਾਏ ਹਨ। ਗੁਰਪੁਰਬ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਆਸ਼ੀਰਵਾਦ ਸਦਕਾ ਬਦਲਦੇ ਭਾਰਤ-ਪਾਕਿਸਤਾਨ ਸਬੰਧਾਂ ਦੇ ਨਜ਼ਰੀਏ ਦਾ ਖ਼ੁਲਾਸਾ ਕੀਤਾ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਨੀਂਹ ਪੱਥਰ ਰੱਖਣ ਲਈ ਕੀਤੇ ਜਾਣ ਵਾਲੇ ਸਮਾਗਮ ਵਿਚ ਸ਼ਿਰਕਤ ਤੋਂ ਮਨ੍ਹਾਂ ਕਰਦਿਆਂ ਦੋ ਸਿੱਖ ਮੰਤਰੀਆਂ ਨੂੰ ਭੇਜਣ ਦਾ ਐਲਾਨ ਕਰ ਕੇ ਇਹ ਸੰਕੇਤ ਦਿੱਤਾ ਕਿ ਭਾਰਤ ਹੋਰ ਕਿਸੇ ਵੀ ਗੱਲ ਨਾਲੋਂ ਸਿੱਖਾਂ ਦੀਆਂ ਭਾਵਨਾਵਾਂ ਦਾ ਵੱਧ ਸਤਿਕਾਰ ਕਰਦਾ ਹੈ। ਨਾਲ ਨਾਲ ਜਦੋਂ ਭਾਰਤ ਦੇ ਮੰਤਰੀ ਪਾਕਿਸਤਾਨ ਪਹੁੰਚੇ ਤਾਂ ਸੁਸ਼ਮਾ ਸਵਰਾਜ ਨੇ ਭਾਰਤ ਦੀ ਇਹ ਪੁਜ਼ੀਸ਼ਨ ਦ੍ਰਿੜਾਈ ਕਿ ਦੁਵੱਲੀ ਗੱਲਬਾਤ ਉਦੋਂ ਹੀ ਸ਼ੁਰੂ ਹੋਵੇਗੀ ਜਦੋਂ ਪਾਕਿਸਤਾਨ ਦਹਿਸ਼ਤਗਰਦੀ ਦਾ ਰਾਹ ਛੱਡੇਗਾ। ਸੁਸ਼ਮਾ ਸਵਰਾਜ ਵੱਲੋਂ ਕੁਰੈਸ਼ੀ ਦੀ ਸ਼ੇਖੀ ਵੱਲ ਧਿਆਨ ਖਿੱਚਣ ਵਿਚ ਕੋਈ ਗ਼ਲਤ ਗੱਲ ਨਹੀਂ। ਇਹ ਧਿਆਨ ਦੇਣ ਯੋਗ ਹੈ ਕਿ ਪਾਕਿਸਤਾਨ ਦਾ ਵਿਦੇਸ਼ ਮਹਿਕਮਾ ਇਹ ਦੱਸ ਰਿਹਾ ਹੈ ਕਿ "ਕਰਤਾਰਪੁਰ ਦੀ ਪਹਿਲਕਦਮੀ ਸਾਡੇ ਸਿੱਖ ਭਰਾਵਾਂ ਦੀ ਲੰਮੇ ਸਮੇਂ ਦੀ ਚਾਹਤ ਦੀ ਪੂਰਤੀ ਲਈ ਦੀ ਦਿਸ਼ਾ ਵਿਚ ਚੁੱਕਿਆ ਕਦਮ ਹੈ", ਹਾਲਾਂਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਇਸ ਨੂੰ ਕ੍ਰਿਕਟ ਦੇ ਮੁਹਾਵਰੇ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਪਰ ਇਸ ਵਿਚ ਵੀ ਉਹ ਟਪਲਾ ਖਾ ਗਏ।

ਉਂਝ ਵੀ ਪਾਕਿਸਤਾਨੀ ਗੁਗਲੀ ਦੀ ਥਾਂ 'ਤੇ ਪਹਿਲਕਦਮੀ ਨੂੰ 'ਯੌਰਕਰ' ਕਹਿਣਾ ਜ਼ਿਆਦਾ ਵਾਜਿਬ ਹੋਣਾ ਸੀ ਕਿਉਂਕਿ ਇਮਰਾਨ ਖ਼ਾਨ ਤੇਜ਼ ਗੇਂਦਬਾਜ਼ ਰਹੇ ਹਨ ਪਰ ਇਸ ਸਭ ਕਾਸੇ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦੀਆਂ ਸਫ਼ਾਰਤੀ ਕੋਸ਼ਿਸ਼ਾਂ 'ਤੇ ਪਾਣੀ ਫਿਰ ਗਿਆ। ਆਖਰ ਇਮਰਾਨ ਖ਼ਾਨ ਨੇ ਇਹ ਕਹਿ ਕੇ ਨੁਕਸਾਨ ਦੀ ਭਰਪਾਈ ਕੀਤੀ ਕਿ ਇਹ ਕੋਈ ਗੁਗਲੀ ਜਾਂ ਚਾਲ ਨਹੀਂ ਸਗੋਂ ਸਾਫ਼-ਸਫ਼ਾਫ ਫ਼ੈਸਲਾ ਸੀ। ਬਿਆਨ ਵਿਚ ਸਿੱਖਾਂ ਲਈ ਸ਼ਬਦ 'ਭਰਾਵਾਂ' ਦੀ ਵਰਤੋਂ ਤੋਂ ਪਤਾ ਚਲਦਾ ਹੈ ਕਿ ਪਾਕਿਸਤਾਨ ਦੁਨੀਆ ਭਰ ਖਾਸ ਕਰ ਕੇ ਭਾਰਤ ਦੇ ਸਿੱਖਾਂ ਨਾਲ ਪਾਏਦਾਰ ਸਾਂਝ ਪਾਉਣ ਦਾ ਖਾਹਸ਼ਮੰਦ ਹੈ। ਕਈ ਦਹਾਕਿਆਂ ਤੋਂ ਪਾਕਿਸਤਾਨ ਦਾ ਸਰਕਾਰੀ ਪ੍ਰਾਪੇਗੰਡਾ ਭਾਰਤ ਦੀਆਂ ਘੱਟ ਗਿਣਤੀਆਂ ਖਾਸ ਕਰ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਉਂਦਾ ਰਿਹਾ ਹੈ ਤਾਂ ਕਿ ਬਹੁਗਿਣਤੀ ਤੇ ਘੱਟਗਿਣਤੀਆਂ ਦਰਮਿਆਨ ਦੁਫ਼ੇੜ ਪਾਈ ਜਾ ਸਕੇ। ਪਾਕਿਸਤਾਨ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਕਿ ਭਾਰਤ ਦੀਆਂ ਘੱਟਗਿਣਤੀਆਂ 'ਤੇ ਬਹੁਗਿਣਤੀ ਦਾ ਦਾਬਾ ਹੈ। ਹਕੀਕਤ ਇਹ ਹੈ ਕਿ ਇਹ ਪ੍ਰਾਪੇਗੰਡਾ ਕਦੇ ਵੀ ਭਾਰਤ ਦੇ ਸਿੱਖਾਂ ਦੀ ਦੇਸ਼ਭਗਤੀ ਦੀ ਭਾਵਨਾ ਨੂੰ ਪੇਤਲਾ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੇਗਾ ਤੇ ਨਾ ਹੀ ਪਾਕਿਸਤਾਨ ਨੂੰ ਅਜਿਹੀਆਂ ਕੋਸ਼ਿਸ਼ਾਂ ਤੋਂ ਬਾਜ਼ ਆਵੇਗਾ।



ਕਰਤਾਰਪੁਰ ਸਾਹਿਬ ਲਾਂਘੇ ਨਾਲ ਜੁੜੇ ਵਡੇਰੇ ਮੁੱਦਿਆਂ ਵਿਚ ਨਵਜੋਤ ਸਿੰਘ ਸਿੱਧੂ ਦੀ ਭੂਮਿਕਾ ਮਾਤਰ ਧਿਆਨ ਵੰਡਾਊ ਸਾਬਿਤ ਹੋਈ ਹੈ ਕਿਉਂਕਿ ਦੋ ਦੇਸ਼ ਲਾਂਘੇ ਵਰਗੇ ਫਸੇ ਹੋਏ ਮੁੱਦਿਆਂ 'ਤੇ ਫ਼ੈਸਲੇ ਕਰਦੇ ਹਨ ਤਾਂ ਇਸ ਨੂੰ ਦਹਾਕੇ ਲੱਗ ਜਾਂਦੇ ਹਨ। ਇਹੋ ਜਿਹੇ ਮੁੱਦਿਆਂ ਬਾਰੇ ਫ਼ੈਸਲੇ ਲੈਣ ਵਿਚ ਦੇਰੀ ਇਸ ਲਈ ਲੱਗਦੀ ਹੈ ਕਿ ਇਹੋ ਜਿਹੇ ਫ਼ੈਸਲੇ ਦੇਸ਼ ਨਿੱਜੀ ਦੋਸਤੀਆਂ ਦੇ ਅਧਾਰ 'ਤੇ ਨਹੀਂ ਸਗੋਂ ਆਪਣੇ ਹਿੱਤਾਂ ਅਨੁਸਾਰ ਲੈਂਦੇ ਹਨ।

ਕੋਈ ਵਿਅਕਤੀ ਸੰਦੇਸ਼ ਪਹੁੰਚਾਉਣ ਜਾਂ ਕਿਸੇ ਅਮਲ ਵਿਚ ਤੇਜ਼ੀ ਲਿਆਉਣ ਜਾਂ ਰੋਕਣ ਦਾ ਜ਼ਰੀਆ ਤਾਂ ਬਣ ਸਕਦਾ ਹੈ ਪਰ ਉਹ ਆਪਣੇ ਤੌਰ 'ਤੇ ਸਿੱਟੇ ਨਹੀਂ ਕੱਢ ਸਕਦਾ। ਖ਼ਾਨ ਤੇ ਸਿੱਧੂ ਦੀ ਆਪਸੀ ਨੇੜਤਾ ਦੀਆਂ ਕਹਾਣੀਆਂ ਟੀਵੀ ਸ਼ੋਅ ਵਿਚ ਸੁਣਨ ਨੂੰ ਚੰਗੀਆਂ ਲਗਦੀਆਂ ਹਨ ਪਰ ਭਾਰਤ ਤੇ ਪਾਕਿਸਤਾਨ ਜਿਹੇ ਮੁਲਕਾਂ ਦੇ ਦੁਵੱਲੇ ਸਬੰਧਾਂ ਵਿਚ ਇਨ੍ਹਾਂ ਦੀ ਇਹੋ ਜਿਹੀ ਸਾਰਥਿਕਤਾ ਨਹੀਂ ਦਿਸਦੀ ਜਿਸ ਤੋਂ ਵੱਡੇ ਨਤੀਜੇ ਨਿਕਲ ਸਕਦੇ ਹੋਣ। ਹਾਲਾਂਕਿ ਸਿੱਧੂ ਦੀਆਂ ਟਿੱਪਣੀਆਂ ਤੇ ਕਾਰਵਾਈਆ ਨੇ ਘਰੋਗੀ ਸਿਆਸੀ ਭੱਠੀ ਲਈ ਕਾਫ਼ੀ ਮਸਾਲਾ ਮੁਹੱਈਆ ਕਰਵਾਇਆ ਹੈ ਪਰ ਇਥੇ ਵੀ ਉਨ੍ਹਾਂ ਦੀ ਚਿਰ-ਰਹਿਣੀ ਪ੍ਰਸੰਗਿਕਤਾ ਨਹੀਂ ਬਣਨੀ। ਪਾਕਿਸਤਾਨ ਗੁਰੂ ਨਾਨਕ ਦੇਵ ਦੇ 550ਵੇਂ ਗੁਰਪੁਰਬ ਤੱਕ ਕਰਤਾਰਪੁਰ ਦਾ ਲਾਂਘਾ ਤਿਆਰ ਕਰ ਕੇ ਦੇਣਾ ਚਾਹੁੰਦਾ ਹੈ ਪਰ ਲਾਂਘਾ ਬਣਾਉਣ ਤੋਂ ਇਲਾਵਾ ਦੋਵੇਂ ਮੁਲਕਾਂ ਵਲੋਂ ਸ਼ਰਧਾਲੂਆਂ ਲਈ ਇਸ ਦੀ ਵਰਤੋਂ ਦੇ ਨੁਕਤੇ ਤੇ ਵਿਧੀਆਂ ਤੈਅ ਕਰਨ ਦੀ ਲੋੜ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬਿਆਨ ਵਿਚ ਦਰਜ ਕੀਤਾ ਗਿਆ ਸੀ- "ਲਾਂਘੇ ਦੇ ਰਾਹਗੁਜ਼ਰ ਲਈ ਅਸੀਂ ਭਾਰਤੀ ਧਿਰ ਨਾਲ ਲੋੜੀਂਦੇ ਵੇਰਵੇ ਤੇ ਰਸਮੀ ਕਾਰਵਾਈਆਂ 'ਤੇ ਮਿਲ ਕੇ ਕੰਮ ਕਰਨਾ ਚਾਹੁੰਦੇ ਹਾਂ।" ਇਨ੍ਹਾਂ ਰਸਮੀ ਕਾਰਵਾਈਆਂ ਤੋਂ ਇਲਾਵਾ ਭਾਰਤ ਨੂੰ ਗਾਰੰਟੀ ਮੰਗਣੀ ਚਾਹੀਦੀ ਕਿ ਪਾਕਿਸਤਾਨ ਸ਼ਰਧਾਲੂਆਂ 'ਤੇ ਖ਼ਾਲਿਸਤਾਨੀ ਪ੍ਰਾਪੇਗੰਡੇ ਦੀ ਵਰਤੋਂ ਨਹੀਂ ਕਰੇਗਾ। ਇਹ ਬਹੁਤ ਅਹਿਮ ਹੈ, ਕਿਉਂਕਿ ਪਾਕਿਸਤਾਨ ਅਕਸਰ ਉੱਥੇ ਵੱਖ ਵੱਖ ਮੌਕਿਆਂ 'ਤੇ ਜਾਣ ਵਾਲੇ ਸਿੱਖ ਜਥਿਆਂ ਨੂੰ ਇਵੇਂ ਭਰਮਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਭਾਰਤ ਨੂੰ ਇਹ ਗੱਲ ਜ਼ੋਰ ਨਾਲ ਰੱਖਣੀ ਪਵੇਗੀ ਕਿ ਸ਼ਰਧਾਲੂਆਂ ਦੀ ਭਲਾਈ ਦੀ ਖਾਤਰ ਉਸ ਦੇ ਅਫ਼ਸਰਾਂ ਨੂੰ ਲਾਂਘੇ ਦੇ ਪਾਕਿਸਤਾਨ ਵਾਲੇ ਪਾਸੇ ਤੱਕ ਰੋਜ਼ਾਨਾ ਰਸਾਈ ਦੇਣੀ ਪਵੇਗੀ। ਜੇ ਕਰਤਾਰਪੁਰ ਲਾਂਘੇ ਨੂੰ ਠੀਕ ਢੰਗ ਨਾਲ ਨਾ ਚਲਾਇਆ ਜਾ ਸਕਿਆ ਤਾਂ ਇਹ ਸਦਭਾਵਨਾ ਦੀ ਬਜਾਇ ਦੋਵਾਂ ਦੇਸ਼ਾਂ ਵਿਚਾਲੇ ਲਗਾਤਾਰ ਕੁੜੱਤਣ ਦਾ ਜ਼ਰੀਆ ਬਣ ਜਾਵੇਗਾ। ਪਾਕਿਸਤਾਨ ਨੇ ਧਾਰਮਿਕ ਯਾਤਰਾਵਾਂ ਦੀਆਂ ਸੰਭਾਵਨਾਵਾਂ ਧਿਆਨ ਵਿਚ ਰੱਖਦਿਆਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੁਆਲੇ ਸਰਾਂ ਅਤੇ ਹੋਰ ਸਹੂਲਤਾਂ ਮੁਹੱਈਆ ਕਰਾਉਣ ਦੀਆ ਯੋਜਨਾਵਾਂ ਬਣਾਈਆਂ ਹਨ। ਜ਼ਾਹਰ ਹੈ ਕਿ ਇਹ ਲਾਂਘੇ ਅੰਦਰ ਨਹੀਂ ਹੋਣਗੀਆਂ, ਗੁਰਦੁਆਰੇ ਦੇ ਆਸ-ਪਾਸ ਹੀ ਹੋਣਗੀਆਂ। ਇਸ ਮੰਤਵ ਲਈ ਕੁਝ ਭਾਰਤੀ ਸਿੱਖਾਂ ਨੂੰ ਵੀਜ਼ੇ ਵੀ ਦਿੱਤੇ ਜਾ ਸਕਦੇ ਹਨ। ਕੀ ਇਹੋ ਜਿਹਾ ਪ੍ਰਾਜੈਕਟ ਤੇ ਬਜ਼ਾਤੇ-ਖ਼ੁਦ ਲਾਂਘਾ ਮੌਜੂਦਾ ਆਰਥਿਕ ਕਠਿਨਾਈਆਂ ਦੇ ਮੱਦੇਨਜ਼ਰ ਪਾਕਿਸਤਾਨ ਦੀ ਤਰਫੋਂ ਭਾਰਤ ਪ੍ਰਤੀ ਅਜਿਹੀ ਨਵੀਂ ਸੋਚ ਦਾ ਸੰਕੇਤ ਦਿੰਦਾ ਹੈ ਤੇ ਨਾਲ ਹੀ ਇਹ ਅਹਿਸਾਸ ਵੀ ਜਗਾਉਂਦਾ ਹੈ ਕਿ ਭਾਰਤ ਨਾਲ ਆਪਣੇ ਰਿਸ਼ਤੇ ਸੁਧਾਰੇ ਬਗ਼ੈਰ ਪਾਕਿਸਤਾਨ ਨਾ ਤਾਂ ਸਥਿਰਤਾ ਹਾਸਲ ਕਰਨ ਦੇ ਯੋਗ ਬਣ ਸਕਦਾ ਹੈ ਤੇ ਨਾ ਹੀ ਖ਼ੁਸ਼ਹਾਲ ਹੋ ਸਕਦਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਫਿਲਹਾਲ ਖਾਸ ਕਰ ਕੇ ਫ਼ੌਜ ਦੀ ਤਰਫੋਂ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ।

ਸੱਚਾਈ ਇਹ ਹੈ ਕਿ ਪਾਕਿਸਤਾਨ ਨੂੰ ਆਪਣੇ ਰਾਹੇ-ਅਮਲ ਵਿਚ ਤਿੱਖੀ ਤਬਦੀਲੀ ਲਿਆਉਣ ਦੀ ਲੋੜ ਹੈ ਤਾਂ ਕਿ ਭਾਰਤ ਨਾਲ ਪੂਰੀ-ਸਬੂਰੀ ਗੱਲਬਾਤ ਦਾ ਅਮਲ ਸ਼ੁਰੂ ਹੋ ਸਕੇ। ਇਸ ਲਈ ਪਾਕਿਸਤਾਨ ਨੂੰ ਭਾਰਤ ਖਿਲਾਫ਼ ਦਹਿਸ਼ਤਗਰਦਾਂ ਦੇ ਇਸਤੇਮਾਲ ਪ੍ਰਤੀ ਆਪਣੀ ਪਹੁੰਚ ਨੂੰ ਮੁੜ ਪ੍ਰੀਭਾਸ਼ਤ ਕਰਨਾ ਪਵੇਗਾ। ਪਾਕਿਸਤਾਨ ਨੇ ਕਦੇ ਇਸ ਰਾਹ 'ਤੇ ਤੁਰਨ ਦੀ ਬਹੁਤੀ ਕੋਸ਼ਿਸ਼ ਨਹੀਂ ਕੀਤੀ ਤੇ ਇਹ ਖ਼ਾਲਿਸਤਾਨ ਪੱਖੀਆਂ ਨੂੰ ਆਪਣੇ ਪਾਲੇ ਵਿਚ ਰੱਖਣ ਤੇ ਉਨ੍ਹਾਂ ਦੀ ਬਾਹਰੋਂ ਮਦਦ ਕਰਦਾ ਆ ਰਿਹਾ ਹੈ। ਇਹ ਅਨੁਮਾਨ ਬੇਜਾ ਨਹੀਂ ਹੈ ਕਿ ਭਾਰਤੀ ਸੁਰੱਖਿਆ ਏਜੰਸੀਆਂ ਨੂੰ ਖਾਲਿਸਤਾਨੀ ਮੁਹਾਜ਼ 'ਤੇ ਢਿੱਲ ਨਹੀਂ ਵਰਤਣੀ ਚਾਹੀਦੀ। ਹਾਲਾਂਕਿ ਕਰਤਾਰਪੁਰ ਲਾਂਘਾ ਸਿੱਖ ਸ਼ਰਧਾਲੂਆਂ ਲਈ ਸ਼ੁਭ ਸ਼ਗਨ ਹੈ ਪਰ ਇਸ ਕਾਰਨ ਭਾਰਤੀ ਸੁਰੱਖਿਆ ਅਹਿਲਕਾਰਾਂ ਦਾ ਕੰਮ ਜ਼ਰੂਰ ਵਧ ਸਕਦਾ ਹੈ।

Kaur Accounting Services for Indian Owned Businesses

We offer Business and Personal Full Service Accounting

* Manage payroll,
* Tax Filing and Payment,
* Cash Flow Management,
* Revenue administration,
* Expense Management,
* And more



Assurance & Accounting Services

Happy Gill

kkgillusfca@gmail.com

ਕਿਸੇ ਵੀ ਤਰ੍ਹਾਂ ਦੀ ਅਕਾਊਂਟਿੰਗ ਸਰਵਿਸ ਲਈ ਕਾਲ ਕਰੋ:

415 410 1796

# ਸਾਈਕਲ, ਸਫਰ ਤੇ ਸ਼ਰਧਾ!



ਤਰਲੋਚਨ ਸਿੰਘ 'ਦੁਪਾਲ ਪੁਰ'
408-915-1268

ਪੁਰਾਣੇ ਵੇਲਿਆਂ ਦੀ ਸਵਾਰੀ ਸਾਈਕਲ ਦਾ ਸਬੰਧ ਸਫਰ ਨਾਲ ਤਾਂ ਮੰਨਿਆ, ਪਰ ਸ਼ਰਧਾ ਨਾਲ ਇਸਦਾ ਕਿਆ ਜੋੜ ਹੋਇਆ? ਆਪਣੇ ਅਤੀਤ ਦੇ ਝਰੋਖੇ 'ਚੋਂ ਕੁਝ ਅਜਿਹੇ ਵੇਰਵੇ ਪੇਸ਼ ਕਰ ਰਿਹਾ ਹਾਂ, ਜੋ ਉਕਤ ਸਵਾਲ ਦਾ ਜਵਾਬ ਦੇਣਗੇ! ਸੰਨ 60-61 ਵਿਚ ਮੇਰੇ ਬਾਪ ਨੇ ਪਿੰਡ ਦੇ ਪਟਵਾਰੀ ਤੋਂ ਹਰਕੁਲੀਬ ਮਾਰਕੇ ਦਾ ਇਕ ਪੁਰਾਣਾ ਸਾਈਕਲ 9 ਰੁਪਏ ਦਾ ਖਰੀਦਿਆ ਸੀ। ਉਦੋਂ ਸਾਨੂੰ ਇਸ ਦੀ ਇੰਨੀ ਖੁਸ਼ੀ ਹੋਈ ਸੀ ਜਿਵੇਂ ਅੱਜਕਲ੍ਹ ਨਵੀਂ ਕਾਰ ਖਰੀਦਣ ਵੇਲੇ ਹੁੰਦੀ ਹੈ।

ਕਈ ਵਾਰ ਸ੍ਰੀ ਅੰਮ੍ਰਿਤਸਰ ਜਾਂ ਸ੍ਰੀ ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ 'ਤੇ ਜਾਣ ਦੇ ਨਾਲ ਨਾਲ ਪੋਹ ਮਹੀਨੇ 'ਸਭਾ' ਉਤੇ ਵੀ ਪਹੁੰਚਣ ਲਈ ਸਾਈਕਲ ਦੀ ਵਰਤੋਂ ਚਾਂਈ ਚਾਂਈ ਹੋਣ ਲੱਗੀ। ਸੱਤਵੀਂ ਅੱਠਵੀਂ 'ਚ ਪੜ੍ਹਨ ਵੇਲੇ ਭਾਈਆ ਜੀ ਮੈਨੂੰ ਸਾਈਕਲ 'ਤੇ ਬਿਠਾ ਕੇ ਸ੍ਰੀ ਫਤਿਹਗੜ੍ਹ ਸਾਹਿਬ ਦੀ ਖੂਨੀ ਕੰਧ ਦੇ ਦਰਸ਼ਨ ਕਰਵਾ ਲਿਆਏ ਸਨ। ਇਸੇ ਤਰ੍ਹਾਂ ਸ੍ਰੀ ਚਮਕੌਰ ਸਾਹਿਬ ਤੇ ਮਾਛੀਵਾੜਾ ਸਾਹਿਬ ਦੀ ਜ਼ਿਆਰਤ ਵੀ ਕਰਵਾਈ ਗਈ। ਖਾਸ ਕਰਕੇ 9 ਪੋਹ ਨੂੰ ਜੁੜਦੀ ਮਾਛੀਵਾੜੇ ਦੀ ਸਭਾ ਦੇ ਰਾਤਰੀ ਵਾਲੇ ਦੀਵਾਨ ਅਤੇ ਲੰਗਰ ਵਿਚ ਛਕੇ ਗੰਨੇ ਦੀ ਰਸ ਵਾਲੇ ਚੌਲ ਹੁਣ ਤੱਕ ਯਾਦ ਆਉਂਦੇ ਨੇ। ਗੁੜ ਵਾਲੀ ਚਾਹ ਦੀਆਂ ਬਾਟੀਆਂ ਦੇ ਨਾਲ ਚੌਲ ਛਕਣ ਦਾ ਆਨੰਦ ਹੀ ਵੱਖਰਾ ਹੁੰਦਾ ਸੀ।

ਇਹਨਾਂ ਗੁਰ ਅਸਥਾਨਾਂ ਨੂੰ ਜਾਣ ਸਮੇਂ ਭਾਈਆ ਜੀ ਸਾਈਕਲ ਦੀ ਸਾਫ ਸਫਾਈ ਕਰਦੇ-ਚੂਲਾਂ ਨੂੰ ਤਿਪਕਾ ਤਿਪਕਾ ਤੇਲ ਦਿੰਦੇ, ਝੋਲੇ 'ਚ ਪੰਪ ਪਾ ਕੇ ਹੈਂਡਲ ਨਾਲ ਟੰਗ ਲੈਂਦੇ। ਸਾਡੇ ਵੱਲ ਦੇਖ ਕੇ ਸਾਈਕਲ ਦੀ ਕਾਠੀ 'ਤੇ ਥਾਪੜਾ ਦੇਣ ਵਾਂਗ ਹੱਥ ਮਾਰਦਿਆਂ ਕਹਿੰਦੇ- 'ਘੋੜਾ ਤਿਆਰ ਐ ਬਈ' ਸਵੇਰੇ ਸਾਝਰੇ ਉਠਿਓ ਜ਼ਰਾ।

ਇਤਿਹਾਸਕ ਜੋੜ ਮੇਲਿਆਂ ਤੋਂ ਇਲਾਵਾ ਜਦ ਉਹ ਸਾਈਕਲ 'ਤੇ ਕਿਤੇ ਰਿਸ਼ਤੇਦਾਰਾਂ ਦੇ ਵੀ ਜਾਂਦੇ ਤਾਂ ਰਸਤੇ ਵਿਚ ਆਉਂਦੇ ਕੋਈ ਦੇਖਣਯੋਗ ਥਾਂ ਜ਼ਰੂਰ ਦਿਖਾਉਂਦੇ ਜਾਂਦੇ ਭਾਵੇਂ ਕਈ ਕਈ ਮੀਲਾਂ ਦਾ ਫੇਰ ਵੀ ਪੈ ਜਾਂਦਾ। ਜਿਵੇਂ ਸਾਡੀ ਭੂਆ। ਭੂਆ ਦਾ ਪਿੰਡ ਸੀ ਫਿਲੌਰ ਲਾਗੇ ਥਲਾ। ਜਦੋਂ ਵੀ ਉਥੇ ਜਾਣਾ ਤਾਂ ਕਦੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਰਾਹੋਂ 'ਤੇ ਕੀਤੀ ਚੜ੍ਹਾਈ ਵੇਲੇ ਦੀਆਂ ਢੱਠੀਆਂ ਇਮਾਰਤਾਂ ਦੇ ਖੋਲ਼ੇ ਦਿਖਾਉਂਦਿਆਂ ਜਾਣਾ। ਕਦੇ ਰਾਹੋਂ ਦੇ ਲਹਿੰਦੇ ਪਾਸੇ ਸਿੱਖ ਮਿਸਲਾਂ ਵੇਲੇ ਦੇ ਇਕ ਜਰਨੈਲ ਸਰਦਾਰ ਤਾਰਾ ਸਿੰਘ ਗੈਬਾ ਦੀ ਸਮਾਧ 'ਤੇ ਜਾ ਸਾਈਕਲ ਖੜ੍ਹਾ ਕਰਨਾ। ਨਾਲ ਨਾਲ ਸੰਖੇਪ ਇਤਿਹਾਸ ਵੀ ਦੱਸਦੇ ਜਾਣਾ।

ਕਿਸੇ ਵੇਲੇ ਰਾਹ ਵਿਚ ਆਉ ਕਸਬੇ ਔੜ ਦੀ ਉਸ ਹਵੇਲੀ ਦੇ ਖੰਡਰ ਦਿ-ਖਾਉਣੇ, ਜੋ ਪਾਪੀ ਸੁੱਚਾ ਨੰਦ (ਸਿੱਖਾਂ ਲਈ ਝੂਠਾ ਨੰਦ) ਦੀ ਦੱਸੀ ਜਾਂਦੀ ਸੀ। ਛੋਟੇ ਸਾ-ਹਬਜ਼ਾਦਿਆਂ ਦੀ ਸ਼ਹਾਦਤ ਵੇਲੇ ਇਸ ਦੁਸ਼ਟ ਦੀ ਕਰਤੂਤ ਦੱਸਦਿਆਂ ਭਾਈਆ ਜੀ ਦਾ ਗੱਚ ਭਰ ਆਉਣਾ। ਪਿੰਡ ਥ਼ਲੇ ਵਿਖੇ ਰਾਤ ਕਿਆਮ ਵੇਲੇ ਸੁਖਵਤੇ ਫਿਲੌਰ ਵਾਲਾ ਕਿਲਾ ਵੀ ਇਕ-ਦੋ ਵਾਰ ਦੇਖਿਆ। ਜੋ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜਤ ਸਿੰਘ ਦੇ ਇਕ ਜੰਗੀ ਸੂਰਮੇ ਵੱਲੋਂ ਬਣਾਇਆ ਗਿਆ ਸੀ।

ਸਾਈਕਲ ਦਾ ਯੁੱਗ ਬੀਤਿਆ ਸਾਡੇ ਕੋਲ ਸਕੂਟਰ ਆ ਗਏ, ਫਿਰ ਕਾਰਾਂ ਆਈਆਂ। ਪਰ 'ਸਭਾ' ਜਾਂ ਹੋਲੇ ਮਹੱਲੇ 'ਤੇ ਜਾਣ ਦੇ ਨਾਗੇ ਪੈਣ ਲੱਗੇ। ਮੇਰੇ ਪ੍ਰਵਾਸੀ ਹੋ ਜਾਣ ਨਾਲ ਨਾਗੇ ਅਤਿ ਲੰਮੇਰੇ ਹੋਣ ਲੱਗ ਪਏ। ਗੱਲ ਕੀ, ਉਹ ਸਾਈਕਲ ਤੇ ਸਮਾਂ, ਸ਼ਰਧਾ ਨੂੰ ਆਪਣੇ ਨਾਲ ਹੀ ਲੈ ਗਏ। ਧਾਰਮਿਕ ਤੇ ਸਦਾਚਾਰਕ ਸਿੱਖਿਆ ਦੇ ਟੀਕੇ ਸਾਡਾ ਬਾਪ ਸਾਡੇ ਲਾ ਗਿਆ, ਅਸੀਂ ਉਹਦੇ ਮੁਕਾਬਲੇ ਆਪਣੇ ਬੱਚਿਆਂ ਨੂੰ ਕੁਝ ਵੀ ਨਹੀਂ ਦੱਸ ਸਕੇ। ਅਮਰੀਕਾ ਤੋਂ ਪਿੰਡ ਗਿਆ ਮੈਂ ਇਕ ਵਾਰ ਸਾਈਕਲ 'ਤੇ ਦਰਿਆ ਸਤਿਲੁਜ ਕੰਢੇ ਚਲਾ ਗਿਆ। ਤਾਜੋ ਵਾਲ ਦੇ ਜਿਸ ਪੱਤਣ ਤੋਂ ਬੇੜੀ ਤੋਂ ਬਹਿ ਕੇ ਅਸੀਂ ਮਾਛੀਵਾੜੇ ਨੂੰ ਜਾਂਦੇ ਹੁੰਦੇ ਸਾਂ, ਉਥੇ ਕੰਢੇ 'ਤੇ ਖਲੋ ਕੇ ਮੈਂ ਕਿੰਨਾ ਚਿਰ ਸੋਚੀਂ ਪਿਆ ਰਿਹਾ। ਦਰਿਆ ਦੇ ਨੀਲੇ ਪਾਣੀ 'ਚ ਜਦੋਂ ਈਸਾਪੁਰ ਵਾਲਾ ਮਲਾਹ ਬਾਬਾ ਬੇੜੀ ਨੂੰ ਠੇਲ੍ਹਦਾ ਸੀ ਤਾਂ ਉਸਨੇ ਉੱਚੀ ਦੇਣੀ 'ਵਾਹਿਗੁਰੂ ਸਤਿਨਾਮੁ' ਦਾ ਜਾਪ ਕਰਵਾਉਣਾ ਸ਼ੁਰੂ ਕਰ ਦੇਣਾ। ਉਹ ਐਹੋ ਜਿਹਾ ਭਗਤ ਬੰਦਾ ਹੁੰਦਾ ਸੀ ਕਿ ਜੇ ਕਿਸੇ ਨੇ ਉਸ ਨੂੰ ਚੁਆਨੀ ਭਾੜਾ ਨਾ ਵੀ ਦੇਣਾ ਤਾਂ ਉਹ ਮੰਗਦਾ ਨਹੀਂ ਸੀ ਹੁੰਦਾ ਕਿਸੇ ਕੋਲੋਂ।

ਦਰਿਆ ਕੰਢੇ ਖੜ੍ਹਾ ਕਦੇ ਮੈਂ ਆਪਣੇ ਸਾਈਕਲ ਵੱਲ ਦੇਖਾਂ .. ਕਦੇ ਦਰਿਆ ਅੰਦਰ ਖੜ੍ਹੇ ਝਾੜ-ਝੂੰਡੇ ਤੇ ਕਾਹੀ ਦੇ ਬੂਝਿਆਂ ਵੱਲ, ਕਦੇ ਕਲ ਕਲ ਕਰਦੇ ਸ਼ਾਂਤ ਵਗਦੇ ਪਾਣੀ ਵੱਲ ਨੀਝ ਲਾ ਕੇ ਦੇਖਾਂ। ਚੌਗਿਰਦੇ ਵਿਚੋਂ ਮੈਨੂੰ ਜਾਪਿਆ ਜਿਵੇਂ ਇਹ 'ਸਦਾ' ਗੂੰਜ ਰਹੀ ਹੋਵੇ-

'ਪਾਣੀ ਦਰਿਆਵਾਂ ਦੇ ਇਕ ਵਾਰੀ ਵਹਿ ਗਏ ਨੇ
ਮੁੜ ਕੇ ਨਾ ਆਉਣ ਕਦੇ ਇਹ ਦਾਨੇ ਕਹਿ ਗਏ ਨੇ।'

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

ਕਬੱਡੀ ਦੇ ਪ੍ਰਸਿੱਧ ਪ੍ਰਮੋਟਰ ਅਤੇ ਬਹੁਤ ਹੀ ਨੇਕ ਅਤੇ ਮਿਲਣਸਾਰ



ਸਰਬਜੀਤ ਸਿੰਘ ਸਰਾਓ

650-771-6671

# ਅਵਾਮ ਉੱਤੇ ਡਿਜੀਟਲ ਸ਼ਿਕੰਜੇ ਦੀ ਪੈੜਚਾਲ

**ਬੂਟਾ ਸਿੰਘ**

ਡਿਜੀਟਲ ਯੁਗ ਵਿਚ ਕੰਪਿਊਟਰ, ਲੈਪਟਾਪ, ਸਮਾਰਟ ਫੋਨ ਆਦਿ ਡਿਜੀਟਲ ਯੰਤਰਾਂ ਨੇ ਮਨੁੱਖੀ ਜ਼ਿੰਦਗੀ ਵਿਚ ਖਾਸੀ ਜਗ੍ਹਾ ਬਣਾ ਲਈ ਹੈ। ਇਹ ਮਹਿਜ਼ ਸੰਚਾਰ ਅਤੇ ਕੰਮਕਾਜੀ ਵਰਤੋਂ ਦੇ ਕੰਮ ਹੀ ਨਹੀਂ ਆ ਰਹੇ ਸਗੋਂ ਸੋਸ਼ਲ ਮੀਡੀਆ ਦੇ ਆਉਣ ਨਾਲ ਇਹ ਵਰਤੋਂਕਾਰ ਲਈ ਆਪਣੀ ਸੋਚ, ਭਾਵਨਾਵਾਂ ਅਤੇ ਖ਼ਿਆਲਾਂ ਦੇ ਇਜ਼ਹਾਰ ਦਾ ਸਾਧਨ ਵੀ ਬਣ ਗਏ ਹਨ। ਇਨ੍ਹਾਂ ਉਪਰ ਐਸੀ ਜਾਣਕਾਰੀ ਦਾ ਲੈਣ-ਦੇਣ ਹੁੰਦਾ ਹੈ ਜਿਸ ਨੂੰ ਹੁਕਮਰਾਨ ਅਵਾਮ ਤੋਂ ਲੁਕੋਣਾ ਚਾਹੁੰਦੇ ਹਨ। ਕਈ ਵਾਰ ਇਹ ਸੁਤੰਤਰ ਵਿਚਾਰ ਪ੍ਰਗਟਾਵਾ, ਸਥਾਪਤੀ ਲਈ ਸਿਰਦਰਦੀ ਬਣ ਜਾਂਦਾ ਹੈ। ਇਸ 'ਆਜ਼ਾਦੀ' ਦੇ ਖੰਭ ਕੁਤਰਨ ਲਈ ਹੁਕਮ-ਰਾਨ ਕਿਸੇ ਵੀ ਹੱਦ ਤਕ ਜਾਣ ਲਈ ਤਹੂ ਹਨ। ਕਈ ਕਾਰਨਾਂ ਕਰਕੇ ਸੋਸ਼ਲ ਮੀਡੀਆ ਉਪਰ ਮੁਕੰਮਲ ਰੋਕ ਲਾਉਣਾ ਤਾਂ ਸੰਭਵ ਨਹੀਂ, ਲੇਕਿਨ ਇਹ ਲੋਕ ਇਸ ਦੀ ਵਰਤੋਂ ਨੂੰ ਸੀਮਤ ਕਰਨ ਅਤੇ ਅਵਾਮ ਦੀ ਨਿੱਜਤਾ ਨੂੰ ਰਾਜਕੀ ਨਿਗਰਾਨੀ ਹੇਠ ਲਿਆਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

ਅੰਗਰੇਜ਼ਾਂ ਨੇ ਬਸਤੀਵਾਦ ਵਿਰੋਧੀ ਭਾਵਨਾਵਾਂ ਦਬਾਉਣ ਲਈ ਟੈਲੀਗ੍ਰਾਫ ਐਕਟ ਤੇ ਇੰਡੀਅਨ ਪੋਸਟ ਆਫਿਸ ਐਕਟ ਲਾਗੂ ਕੀਤੇ ਅਤੇ ਦੂਰ-ਸੰਚਾਰ ਤੇ ਖ਼ਤੋ-ਕਿਤਾਬਤ ਉਪਰ ਕਰੜੀ ਨਜ਼ਰ ਰੱਖਣ ਦੀ ਵਿਵਸਥਾ ਲਿਆਂਦੀ ਪਰ 1947 ਤੋਂ ਬਾਅਦ ਡਾਕ ਸੈਂਸਰ ਕਰਨ ਅਤੇ ਟੈਲੀਫ਼ੋਨ ਗੱਲਬਾਤ ਟੈਪ ਕਰਨ ਦਾ ਮੂਲ ਚੌਖਟਾ ਬਸਤੀਵਾਦੀ ਦੌਰ ਵਾਲਾ ਹੀ ਹੈ। ਸੂਚਨਾ ਤਕਨਾਲੋਜੀ ਦੇ ਵਿਕਾਸ ਨਾਲ ਨਵੇਂ ਯੰਤਰ ਸੈਂਸਰ ਕਰਨ ਲਈ ਆਈਥਟੀਥ ਐਕਟ ਬਣਾਇਆ ਗਿਆ।

ਹੁਕਮਰਾਨ ਇਕ ਪਾਸੇ ਤਾਂ ਮੁਲਕ ਨੂੰ ਡਿਜੀਟਲ ਬਣਾਉਣ ਉਪਰ ਜ਼ੋਰ ਦੇ ਰਹੇ ਹਨ, ਦੂਜੇ ਪਾਸੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਗਾ ਕੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਕੰਟਰੋਲ ਕਰਨ ਲਈ ਨਵੇਂ ਤਰੀਕੇ ਈਜਾਦ ਕਰ ਰਹੇ ਹਨ। ਹਮੇਸ਼ਾ ਵਾਂਗ ਬਹਾਨਾ 'ਮੁਲਕ ਦੀ ਅਖੰਡਤਾ' ਅਤੇ 'ਕੌਮੀ ਸੁਰੱਖਿਆ' ਨੂੰ ਬਣਾਇਆ ਗਿਆ ਹੈ। ਕੇਂਦਰ ਸਰਕਾਰ ਦੀ ਤਿਆਰ ਕੀਤੀ ਨਵੀਂ ਤਜਵੀਜ਼ ਦੀ ਜਿੰਨੀ ਕੁ ਜਾਣਕਾਰੀ ਹੁਣ ਤਕ ਮੀਡੀਆ ਜ਼ਰੀਏ ਜਨਤਕ ਹੋਈ ਹੈ, ਉਸ ਮੁਤਾਬਿਕ 10 ਸੁਰੱਖਿਆ ਏਜੰਸੀਆਂ ਨੂੰ ਆਮ ਲੋਕਾਂ ਦੀ ਜ਼ਿੰਦਗੀ 'ਚ ਝਾਕਣ ਦੀ ਬੇਲਗਾਮ ਕਾਨੂੰਨੀ ਤਾਕਤ ਦਿੱਤੀ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਨੋਟੀਫੀਕੇਸ਼ਨ ਰਾਹੀਂ 10 ਸੁਰੱਖਿਆ ਏਜੰਸੀਆਂ ਨੂੰ ਆਈਥਟੀਥ ਐਕਟ ਦੇ ਨੇਮਾਂ ਤਹਿਤ 'ਹਰ ਉਸ ਜਾਣਕਾਰੀ ਵਿਚ ਸੰਨ੍ਹ ਲਗਾਉਣ, ਉਸ ਉਪਰ ਨਜ਼ਰ ਰੱਖਣ ਅਤੇ ਉਸ ਦੇ ਨਿੱਜਤਾ ਕੋਡ ਨੂੰ ਪੜ੍ਹਨ ਦਾ ਅਧਿਕਾਰ ਦਿੱਤਾ ਗਿਆ ਹੈ ਜੋ ਕਿਸੇ ਵੀ ਕੰਪਿਊਟਰ ਵਿਚ ਜੈਨਰੇਟ, ਆਦਾਨ-ਪ੍ਰਦਾਨ ਜਾਂ ਸਟੋਰ ਕੀਤੀ ਜਾਂਦੀ ਹੈ'। ਇਸ ਨੋਟੀਫੀਕੇਸ਼ਨ ਨੂੰ ਮੋਦੀ ਵਜ਼ਾਰਤ ਇਹ ਦਲੀਲ ਦੇ ਕੇ ਜਾਇਜ਼ ਠਹਿਰਾ ਰਹੀ ਹੈ ਕਿ ਇਹ ਪਹਿਲਾਂ ਹੀ ਕੰਮ ਕਰ ਰਹੇ ਖੁਫੀਆ ਤੰਤਰ ਦੀ ਹੀ ਲਗਾਤਾਰਤਾ ਹੈ, ਇਸ ਵਿਚ ਕੁਝ ਵੀ ਨਵਾਂ ਨਹੀਂ; ਲੇਕਿਨ ਸਵਾਲ ਇਹ ਹੈ ਕਿ ਜੇ ਇਸ ਵਿਚ ਕੁਝ ਵੀ ਨਵਾਂ ਨਹੀਂ, ਤਾਂ ਇਸ ਨੋਟੀਫੀਕੇਸ਼ਨ ਦੀ ਕੀ ਜ਼ਰੂਰਤ ਪੈ ਗਈ? ਦਰਅਸਲ, ਹੁਕਮਰਾਨ ਆਪਣੇ ਮਨਸ਼ਿਆਂ ਅਤੇ ਮਨਸੂਬਿਆਂ ਉਪਰ ਪਰਦਾ ਪਾ ਕੇ ਅਵਾਮ ਨੂੰ ਹਨੇਰੇ ਵਿਚ ਰੱਖ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਹੀ ਰਾਜਕੀ ਜਾਸੂਸੀ ਦਾ ਤਾਣਾਬਾਣਾ ਮੌਜੂਦ ਹੈ। ਸੈਂਟਰ ਫਾਰ ਡਿਵੈੱਲਪਮੈਂਟ ਆਫ ਟੈਲੀਮੈਟਿਕਸ ਨੇ 2013 ਵਿਚ ਹੀ ਆਟੋਮੈਟਿਕ ਕੇਂਦਰੀ ਨਿਗਰਾਨ ਪ੍ਰਣਾਲੀ ਸ਼ੁਰੂ ਦਿੱਤੀ ਗਈ ਸੀ ਜੋ ਇਸ ਸੈਂਟਰ ਦੀ ਸਾਲਾਨਾ ਰਿਪੋਰਟ ਅਨੁਸਾਰ, ਇਸ ਸਾਲ ਪਹਿਲਾਂ ਹੀ 'ਵਿਹਾਰਕ ਤੌਰ 'ਤੇ ਮੁਕੰਮਲ' ਹੋ ਚੁੱਕੀ ਹੈ। ਇਸ ਦੇ ਬਾਵਜੂਦ, ਇਹ ਕਹਿਣਾ ਪੂਰਾ ਸੱਚ ਨਹੀਂ ਕਿ ਪਹਿਲਾਂ ਵਾਲੇ ਇਸ ਤਾਣੇਬਾਣੇ ਨੂੰ ਹੀ ਨਵਿਆਇਆ ਜਾ ਰਿਹਾ ਹੈ। ਸੱਚ ਇਹ ਹੈ ਕਿ ਸਰਕਾਰ ਪਹਿਲਾਂ ਮੌਜੂਦ ਤੰਤਰ ਦੀਆਂ ਤਾਕਤਾਂ ਨੂੰ ਅਸੀਮ ਹੱਦ ਤਕ ਵਧਾ ਕੇ ਹਰ ਡਿਜੀਟਲ ਜਾਣਕਾਰੀ ਆਪਣੀ ਨਿਗਰਾਨੀ ਹੇਠ ਲਿਆਉਣਾ ਚਾਹੁੰਦੀ ਹੈ। ਇਹ ਨਾਗਰਿਕਾਂ ਦੀ ਨਿੱਜਤਾ ਵਿਚ ਡੂੰਘੇਰੀ ਘੁਸਪੈਠ ਦੇ ਲਿਹਾਜ਼ ਨਾਲ ਪਹਿਲੇ ਜਾਸੂਸੀ ਤਾਣੇਬਾਣੇ ਨਾਲੋਂ ਜ਼ਿਆਦਾ ਖ਼ਤਰਨਾਕ ਹੈ।

ਆਧਾਰ ਕਾਰਡ ਜ਼ਰੀਏ ਨਾਗਰਿਕਾਂ ਦੀ ਨਿੱਜਤਾ ਨੂੰ ਕੰਟਰੋਲ ਹੇਠ ਲਿਆਉਣ ਤੋਂ ਬਾਅਦ ਇਹ ਇਕ ਹੋਰ ਵੱਡਾ ਹਮਲਾ ਹੈ। ਆਧਾਰ ਜ਼ਰੀਏ ਨਾਗਰਿਕਾਂ ਦੀ ਮਹੱਤਵਪੂਰਨ ਨਿੱਜੀ ਜਾਣਕਾਰੀ ਪਹਿਲਾਂ ਹੀ ਰਾਜਕੀ ਏਜੰਸੀਆਂ ਦੇ ਨਾਲ-ਨਾਲ ਡਿਜੀਟਲ ਸਰਵਿਸ ਦੇ ਕਾਰੋਬਾਰ ਵਿਚ ਜੁਟੀਆਂ ਕਾਰਪੋਰੇਟ ਕੰਪਨੀਆਂ ਦੀ ਮੁੱਠੀ ਵਿਚ ਹੈ। ਇਸ ਉਪਰ ਭਾਵੇਂ ਪਿੱਛੇ ਜਿਹੇ ਅਦਾਲਤ ਨੇ ਕਾਨੂੰਨੀ ਤੌਰ 'ਤੇ ਰੋਕ ਲਗਾ ਦਿੱਤੀ ਹੈ, ਲੇਕਿਨ ਇਹ ਇਨ੍ਹਾਂ ਤਾਕਤਾਂ ਦੀ ਮਰਜ਼ੀ ਹੈ ਕਿ ਉਨ੍ਹਾਂ ਨੇ ਇਸ ਜਾਣਕਾਰੀ ਨੂੰ ਆਪਣੇ ਕਿਸ ਲਾਹੇ ਲਈ ਕਿੰਨਾ ਅਤੇ ਕਦੋਂ ਵਰਤੋਂ ਵਿਚ ਲਿਆਉਣਾ ਹੈ।

ਆਧਾਰ ਕਾਰਡ ਪਹਿਲਾਂ ਹੀ ਨਾਗਰਿਕਾਂ ਦੀ ਨਿੱਜਤਾ ਅਤੇ ਮੌਲਿਕ ਹੱਕਾਂ ਦਾ ਘੋਰ ਉਲੰਘਣ ਹੈ। ਕਾਲੇ

**(ਬਾਕੀ ਸਫਾ 21 ਤੇ)**

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ



ਜਸਵੰਤ ਸਿੰਘ ਹੋਠੀ

SANJOSE

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਕਬੱਡੀ ਖਿਡਾਰੀ ਅਤੇ ਪ੍ਰਸਿੱਧ ਬਿਜਨਸਮੈਨ

ਬਿੱਲਾ ਸੰਘੇੜਾ

SANJOSE CALIFORNIA

ਫਰਿਜ਼ਨੋਂ ਇਲਾਕੇ ਦੀਆਂ ਖਬਰਾਂ

# ਪੀਸੀਏ ਵੱਲੋਂ ਨਵੇਂ ਸਾਲ ਮੌਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋਂ ਵਿਖੇ ਵਿਸ਼ੇਸ਼ ਗੁਰਮਤਿ ਦੀਵਾਨ








ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ- ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਦੇ ਸਮੂਹ ਮੈਂਬਰ ਜਿਹੜੇ ਕਿ ਸਮੇ ਸਮੇ ਸਿਰ ਉਸਾਰੂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰੋਗਰਾਮ ਕਰਵਾਉਣ ਕਰਕੇ ਸਦਾ ਚਰਚਾ ਵਿੱਚ ਰਹਿੰਦੇ ਹਨ, ਵੱਲੋਂ ਨਵੇਂ ਸਾਲ ਦੇ ਮੌਕੇ ਨੂੰ ਮੁਖ ਰੱਖਕੇ ਸਥਾਨਿਕ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 28 ਦਸੰਬਰ ਤੋਂ 1 ਜਨਵਰੀ ਤੱਕ ਗੁਰਮਤਿ ਦੀਵਾਨ ਸਜਾਏ ਗਏ। ਇਹਨਾਂ ਦੀਵਾਨਾ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਹੋਏ ਸਨ ਅਤੇ ਇਹਨਾਂ ਦੀਵਾਨਾ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਸਿਧਾਂਤ ਤੋਂ ਜਾਣੂ ਕਰਵਾਉਣਾ ਅਤੇ ਸੰਗਤਾ ਨੂੰ ਸਿੱਖੀ ਨਾਲ ਜੋੜਨਾ ਹੈ। ਇਹਨਾਂ ਦੀਵਾਨਾਂ ਵਿੱਚ ਸੰਗਤਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਸ਼ਬਦ ਗੁਰੂ ਦੀ ਵਿਚਾਰ ਭਾਈ ਸਰਬਜੀਤ ਸਿੰਘ ਧੂੰਦਾ ਕੋਲੋ ਸਰਵਣ ਕੀਤੀ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਦੀਵਾਨਾ ਵਿੱਚ ਹਾਜ਼ਰੀ ਭਰਕੇ ਸੰਗਤ ਨੂੰ ਵਹਿਮਾਂ ਭਰਮਾ ਦਾ ਪੱਲ੍ਹਾ ਛੱਡਕੇ ਗੁਰੂ ਸ਼ਬਦ ਤੇ ਪਹਿਰਾ ਦੇਣ ਦੀ ਪੁਰਜ਼ੋਰ ਅਪੀਲ ਕੀਤੀ। ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਕੇ 31 ਦਸੰਬਰ ਨੂੰ ਗੁਰੂ ਘਰ ਵਿੱਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਮੌਕੇ ਭਾਈ ਸਰਬਜੀਤ ਸਿੰਘ ਧੂੰਦਾ ਨੇ ਕਿਹਾ ਕਿ ਆਓ ਨਵੇਂ ਸਾਲ ਵਿੱਚ ਸਕੰਲਪ ਲਇਏ ਕਿ ਸਿਰਫ ਗੁਰੂ ਗ੍ਰੰਥ ਸਹਿਬ ਦੇ ਸਿਧਾਂਤ ਮੁਤਾਬਕ ਜੀਵਨ ਜਿਉਣਾ ਹੈ 'ਤੇ ਗੁਰੂ ਸਿਧਾਂਤ ਤੇ ਪਹਿਰਾ ਦੇਕੇ ਗੁਰੂ ਗ੍ਰੰਥ ਸਹਿਬ ਤੋ ਜੀਵਨ ਜਾਂਚ ਸਿੱਖੀਏ।

ਉਹਨਾਂ ਕਿਹਾ ਕਿ ਉਪਰਲੇ ਸਵਰਗ ਦਾ ਤਾਂ ਪਤਾ ਨਹੀਂ ਲੇਕਿਨ ਅਗਰ ਅਸੀਂ ਧਰਤੀ ਤੋਂ ਪ੍ਰਦੂਸ਼ਣ ਖਤਮ ਕਰਕੇ ਜਲਵਾਯੂ ਨੂੰ ਬਚਾ ਲਈਏ, ਇਸ ਸਵਰਗ ਦੀ ਸਾਭ ਸੰਭਾਲ ਵੱਲ ਧਿਆਨ ਲਾਈਏ ਤਾਂ ਇਹੀ ਸਾਡੀ ਗੁਰੂ ਪ੍ਰਤੀ ਸੱਚੀ ਸਰਧਾ ਹੋਵੇਗੀ। ਉਹਨਾਂ ਸੰਗਤ ਨੂੰ ਨਵੇ ਸਾਲ ਦੀ ਵਧਾਈ ਵੀ ਦਿੱਤੀ। ਉਹਨਾਂ ਤੋਂ ਇਲਾਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਅਤੇ ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਸੰਗਤ ਨੂੰ ਨਵੇ ਸਾਲ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਡਾ. ਮਲਕੀਤ ਸਿੰਘ ਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸਟੇਜ ਸੰਚਾਲਨ ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ।




'ਦਿਲਾਂ 'ਚ ਧੜਕਦੀ ਐ ਤੂੰ' ਕਿਤਾਬ ਨੂੰ ਲੋਕ ਅਰਪਣ ਕਰਨ ਵੇਲੇ ਦੀ ਤਸਵੀਰ, ਜਿਸ ਵਿਚ ਨੀਟਾ ਮਾਛੀਕੇ ਨਾਲ ਜੋ ਸੱਜਣ ਵਿਖਾਈ ਦੇ ਰਹੇ ਹਨ- ਮਾਸਟਰ ਦਿਲਬਾਗ ਸਿੰਘ, ਹਰਬੰਸ ਸਿੰਘ ਸਿੱਧੂ, ਭੈਣ ਅਜੀਤ ਕੌਰ, ਗੁਲਜ਼ਾਰ ਸਿੰਘ ਬਰਾੜ (ਮਾਮਾ ਜੀ), ਮਾਮੀ ਹਰਭਜਨ ਕੌਰ, ਮਾਸੜ ਸਰਦਾਰਾ ਸਿੰਘ ਗਿੱਲ, ਮਾਸੀ ਬਲਵਿੰਦਰ ਕੌਰ ਗਿੱਲ, ਤਾਏ ਦਾ ਪੁੱਤਰ ਗੁਰਸੇਵਕ ਸਿੰਘ ਧਾਲੀਵਾਲ, ਪਰਮਜੀਤ ਕੌਰ ਧਾਲੀਵਾਲ, ਸਿਮਰਜੀਤ ਧਾਲੀਵਾਲ, ਕਰਮਜੀਤ ਕੌਰ ਧਾਲੀਵਾਲ।

## ਮਾਂ ਬ੍ਰਹਿਮੰਡ ਹੈ

ਇਨਸਾਨ ਜੰਮਦਾ ਹੈ, ਵੱਡਾ ਹੁੰਦਾ ਹੈ ਤੇ ਫਿਰ ਵੱਡੇ-ਵੱਡੇ ਕੰਮ ਕਰਦਾ ਹੈ, ਅਫਸਰ ਬਣਦਾ ਹੈ, ਰਾਜਨੀਤਿਕ ਨੇਤਾ ਬਣਦਾ ਹੈ, ਇੰਜੀਨੀਅਰ ਬਣਦਾ ਹੈ, ਖਰਬਾਂਪਤੀ ਬਣਦਾ ਹੈ, ਕੋਈ ਗਰੀਬ ਵੀ ਰਹਿ ਜਾਂਦਾ ਹੈ ਪਰ ਮਾਂ ਲਈ ਹਰ ਪੁੱਤਰ-ਧੀਅ ਸਿਰਫ ਨੀਟਾ ਪੁੱਤਰ ਹੀ ਹੈ। ਉਸ ਲਈ ਇਹ ਮਾਇਨੇ ਹੀਂ ਰੱਖਦਾ ਕਿ ਉਹ ਅਮੀਰ ਹੈ ਜਾਂ ਗਰੀਬ।

ਅਮੀਰ ਮਾਵਾਂ ਉਹੀ ਨੇ, ਜਿਹਨਾਂ ਦੇ ਧੀਆਂ-ਪੁੱਤਰ ਉਹਨਾਂ ਦਾ ਖਿਆਲ ਰੱਖਦੇ ਹਨ ਤੇ ਕਈ ਅਭਾਗੇ ਹੋਣਗੇ ਜੋ ਮਾਵਾਂ ਨੂੰ ਇਕੱਲਿਆਂ ਛੱਡ ਕੇ ਇਹਨਾਂ ਦੇਸ਼ਾਂ ਵਿਚ ਵੱਸ ਗਏ ਤੇ ਮਾਂ ਦੀਆਂ ਖੁੱਲ੍ਹੀਆਂ ਬਾਹਵਾ 'ਚ ਜਾ ਕੇ ਉਸਦੀ ਬੁੱਕਲ ਦਾ ਨਿੱਘ ਵੀ ਮਾਣ ਨਹੀਂ ਸਕੇ। ਜਿਹਨਾਂ ਵਿਚ ਮੈਂ ਅਭਾਗਾ ਵੀ ਹਾਂ, ਜਿਹਨਾਂ ਦੀ ਮਾਂ 14 ਸਾਲ ਬਾਹਵਾਂ ਖਿਲਾਰਦੀ ਰਹੀ ਤੇ ਅਸੀਂ 10 ਦਿਨ ਦਾ ਦੋ ਤਿੰਨ ਵਾਰ ਚੱਕਰ ਲਾ ਕੇ ਉਸਨੂੰ ਝਪਾਕੀ ਦੇ ਕੇ ਵਾਪਸ ਤੁਰ ਆਉਂਦੇ ਸੀ।

ਇਕ ਉਹ ਝਪਾਕੀ ਐਸੀ ਦੇ ਗਈ ਕਿ ਮੈਂ ਗੁੱਠਾਂ 'ਚ ਹੱਥ ਰੱਖ ਰੱਖ ਰੋਂਦਾ ਹਾਂ ਕਿ ਕਿਧਰਿਉਂ ਸੁਪਨੇ ਵਿਚ ਹੀ ਵਿਖਾਈ ਦੇ ਜਾਵੇ। ਇਹੀ ਮਾਂ ਹੈ ਜਿਸਨੇ ਦੁਨੀਆਂ ਵਿਖਾਈ, ਜੋ ਹੋਰ ਕਿਸੇ ਦੇ ਵੱਸ ਦੀ ਗੱਲ ਨਹੀਂ ਤੇ ਨਾ ਹੀ ਕਦੇ ਹੋਵੇਗੀ। ਸਾਇੰਸ ਲੱਖ ਪਏ ਯਤਨ ਕਰ ਲਵੇ।

ਮਾਂ ਬ੍ਰਹਿਮੰਡ ਇਸ ਲਈ ਵੀ ਹੈ, ਦੁਨੀਆਂ ਦੇ ਦੁਆਲੇ ਜਿੰਨੀ ਵਾਰ ਮਰਜ਼ੀ ਚੱਕਰ ਲਾਵੋ, ਅਸਮਾਨਾਂ ਤੇ ਉਡੋ, ਕਿਸੇ ਤਾਰੇ ਤੇ ਚਲੇ ਜਾਵੋ, ਮਾਂ ਹੀ ਹੈ ਜੋ ਸਾਨੂੰ ਇਹ ਜਨਮ ਦੇ ਕੇ ਵੇਖਣਯੋਗ ਬਣਾ ਗਈ ਹੈ, ਨਹੀਂ ਤਾਂ ਮਨੁੱਖ ਵਿਚ (ਆਦਮੀ) ਦੇ ਵੱਸ ਦੀ ਗੱਲ ਨਹੀਂ ਜੋ ਇਹ ਦੁਨੀਆਂ ਤੇ ਕਿਸੇ ਨੂੰ ਲਿਆ ਸਕਣ।

ਉਸ ਮੂਰਤ ਦੇ ਆਖਰੀ ਸਾਹ ਤੱਕ ਨੀਟਾ ਤੇ ਪਰਿਵਾਰ ਨਾਲ ਰਿਹਾ ਹੈ। ਇਹੀ ਬਹੁਤ ਭਾਗਾਂ ਦੀ ਗੱਲ ਹੈ ਤੇ ਮਾਤਾ ਜੀ ਬਹੁਤ ਭਾਗਾਂ ਵਾਲੇ ਸਨ ਜੋ ਪੁੱਤਰਾਂ-ਧੀਆਂ ਵਿਚ ਬੈਠ ਕੇ ਆਖਰੀ ਸਾਹ ਲੈ ਕੇ ਧੁਰ ਅਸਮਾਨੇ ਗੁਰੂ ਸਾਹਿਬ ਕੋਲੇ ਜਾ ਬੈਠੀ ਤੇ ਪਿੱਛੇ ਛੱਡ ਗਈ ਹੱਸਦੀ-ਵੱਸਦੀ ਪਿਆਰ ਦੀ ਪਰਿਵਾਰਕ ਫੁਲਵਾੜੀ। ਅੱਜ ਸੱਚੀ ਸ਼ਰਧਾਂਜਲੀ ਹੈ ਉਸ ਮਾਂ ਨੂੰ ਜਿਸਨੇ ਪਿਆਰ ਤੇ ਮੋਹ ਨਾਲ ਉਸਦੀਆਂ ਔਲਾਦਾਂ ਨੂੰ ਭਰ ਦਿੱਤਾ।

ਜ਼ਿੰਦਗੀ ਵਿਚ ਉਨਾ ਹੀ ਪਿਆਰ ਤੇ ਮੋਹ ਤੁਸੀਂ ਵੰਡਣਾ, ਜਿੰਨਾ ਤੁਹਾਡੇ ਮਾਤਾ ਜੀ ਵੰਡਦੇ ਗਏ। ਬੱਸ ਕੁਝ ਲਿਖਣ ਨੂੰ ਮਨ ਸੀ ਜੋ ਭਰ ਆਇਆ ਤੇ ਉਹਨਾਂ ਦੀ ਮਿੱਠੀ ਯਾਦ ਵਿਚ ਕਿਤਾਬ ਦੀ ਫੋਟੋ ਵੱਲ ਵੇਖ ਜੋ ਮੇਰੀ ਮਾਂ ਵਰਗੀ ਹੈ, ਜਾਂ ਉਹੀ ਹੈ ਬਾਰੇ ਇਕ ਗੱਲ ਕਰਾਂਗਾ ਕਿ:

ਰੱਬਾ ਾਪਣਾ ਰੂਪ ਅਖਵਾਨਾ ਏਂ,
ਫਿਰ ਮਾਵਾਂ ਨੂੰ ਕਿਉ ਲੈ ਜਾਨਾ ਏਂ।

ਸ਼ਾਅਲਾ ਕੁਲ ਜਗਤ ਦੀਆਂ ਮਾਵਾਂ ਜਿਊਣ ਤੇ ਉਹਨਾਂ ਦੇ ਧੀਆਂ ਪੁੱਤਰ ਇਸ ਬ੍ਰਹਿਮੰਡ ਵਿਚ ਜ਼ਿੰਦਗੀ ਦਾ ਆਨੰਦ ਮਾਣ ਸਕਣ।

**-ਬਲਬੀਰ ਸਿੰਘ ਐਮ. ਏ.**

# ਮਾਤਾ ਮੁਖ਼ਤਿਆਰ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਪੁਸਤਕ "ਦਿਲਾਂ 'ਚ ਧੜਕਦੀ ਐਂ ਤੂੰ" ਫਰਿਜ਼ਨੋ ਵਿਖੇ ਲੋਕ ਅਰਪਣ






ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ): ਪੰਜਾਬੀ ਸਾਹਿੱਤ ਸਭਾ ਕੈਲੇਫੋਰਨੀਆਂ ਵੱਲੋਂ ਉੱਘੇ ਪੱਤਰਕਾਰ ਨੀਟਾ ਮਾਛੀਕੇ ਅਤੇ ਡਾਕਟਰ ਸਿਮਰਜੀਤ ਧਾਲੀਵਾਲ ਦੇ ਸਤਿਕਾਰਯੋਗ ਮਾਤਾ ਸਵ. ਮੁਖ਼ਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਪੁਸਤਕ "ਦਿਲਾਂ 'ਚ ਧੜਕਦੀ ਐਂ ਤੂੰ" ਫਰਿਜ਼ਨੋ ਵਿਖੇ ਲੋਕ ਅਰਪਣ ਕੀਤੀ ਗਈ। ਜਿਸ ਨੂੰ ਸਹਿਬਦੀਪ ਪ੍ਰਕਾਸ਼ਨ ਭੀਖੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਮਾਤਾ ਜੀ ਇਕ ਸੂਝਵਾਨ, ਲੋਕ-ਭਲਾਈ ਅਤੇ ਸਮਾਜਿਕ ਸੇਵਾ ਕਰਨ ਵਾਲੀ ਮਹਾਨ ਸ਼ਖ਼ਸੀਅਤ ਦੇ ਮਾਲਕ ਸਨ। ਜਿੰਨ੍ਹਾਂ ਬਹੁਤ ਸਮਾਂ ਬਤੌਰ ਸਫਲ ਅਧਿਆਪਕ ਸਕੂਲੀ ਵਿਦਿਆ ਦੇਣ ਤੋਂ ਇਲਾਵਾ, ਸਮਾਜਿਕ ਬੁਰਾਈਆਂ ਦੇ ਦੂਰ ਕਰਨ ਅਤੇ ਸਾਹਿੱਤਕਤਾ ਨੂੰ ਪ੍ਰਫੁੱਲਤ ਕਰਨ ਦੀ ਸੇਵਾ ਨਿਭਾਈ। ਇਹ ਪੁਸਤਕ ਸਮੁੱਚੇ ਤੌਰ 'ਤੇ ਮਾਤਾ ਜੀ ਦੀਆ ਸਮਾਜ ਪ੍ਰਤੀ ਵਿਦਿਅਕ ਅਤੇ ਸਮਾਜਕ ਸੇਵਾਵਾ ਦਾ ਇੱਕ ਗੁਲਦਸਤਾ ਹੈ।

ਗੁਰਿੰਦਰਜੀਤ ਨੀਟਾ ਮਾਛੀਕੇ ਨੇ ਇਸ ਦੀ ਸੰਪਾਦਨਾ ਕੀਤੀ ਹੈ। ਇਸ ਪੁਸਤਕ ਵਿੱਚ ਜਿੱਥੇ ਨੀਟਾ ਮਾਛੀਕੇ ਨੇ ਆਪਣੀ ਮਾਤਾ ਜੀ ਦੀ ਜੀਵਨੀ ਆਪਣੇ ਲੇਖ ਰਾਹੀਂ ਬਿਆਨ ਕੀਤੀ ਹੈ, ਉਥੇ ਹੀ ਬਹੁਤ ਸਾਰੇ ਹੋਰ ਲੇਖਕਾਂ ਨੇ ਵੀ ਮਾਤਾ ਜੀ ਦੇ ਜੀਵਨ ਸਬੰਧੀ ਆਪਣੇ ਸ਼ਬਦਾਂ ਰਾਹੀ ਮਾਤਾ ਜੀ ਨੂੰ ਸਰਧਾਜਲੀ ਦਿੰਦੇ ਹੋਏ ਆਪਣੇਂ ਪਆਰ ਦੀ ਸਾਂਝ ਪਾਈ ਹੈ। ਜਿੰਨ੍ਹਾਂ ਵਿੱਚ ਮਾਤਾ ਜੀ ਦੇ ਵੱਡੇ ਬੇਟੇ ਡਾ. ਸਿਮਰਜੀਤ ਦਾ ਵੀ ਬਾ-ਕਮਾਲ ਲੇਖ ਹੈ ਅਤੇ ਮਾਸਟਰ ਦਲਵਾਰਾ ਸਿੰਘ ਧਾਲੀਵਾਲ ਨੇ ਆਪਣੀ ਪਤਨੀ ਸਵ. ਮੁਖਤਿਆਰ ਕੌਰ ਲਈ 'ਜਿੰਦਗੀ ਚਲੀ ਗਈ' ਨਾਮੀ ਭਾਵਪੂਰਕ ਲੇਖ ਲਿਖਿਆ ਹੈ। ਇਸ ਪੁਸਤਕ ਵਿੱਚ ਉੱਘੇ ਲੇਖਕ ਸ. ਤਰਲੋਚਨ ਸਿੰਘ ਦੁਪਾਲਪੁਰ, ਮਨਦੀਪ ਖੁਰਮੀਂ ਹਿੰਮਤਪੁਰਾ, ਸ਼ਿਵਚਰਨ ਜੱਗੀ ਕੁੱਸਾ, ਮੰਗਲ ਹਠੂਰ, ਦਲਬੀਰ ਦਿਲ ਨਿੱਝਰ, ਜਗਤਾਰ ਗਿੱਲ, ਮੇਜ਼ਰ ਕੁਲਾਰ, ਗੁਰਜੀਤ ਸਿੰਘ, ਅਮਰਜੀਤ ਢਿੱਲੋਂ, ਜਸਵੰਤ ਸ਼ਾਦ, ਗੁਰਬਖਸ਼ੀਸ਼ ਸਿੰਘ ਗਰੇਵਾਲ, ਕੁਲਵੰਤ ਉੱਭੀ ਧਾਲੀਆਂ, ਹਰਕ੍ਰਿਸ਼ਨ ਖਟਕੜ ਅਤੇ ਕਰਨ ਭੀਖੀ ਆਦਿ ਦੇ ਲੇਖ ਸ਼ਾਮਲ ਹਨ। ਇਸ ਪੁਸਤਕ ਨੂੰ ਨੀਟਾ ਮਾਛੀਕੇ ਦੇ ਗ੍ਰਹਿ ਵਿੱਖੇ ਇਲਾਕੇ ਦੀਆ ਸਾਹਿੱਤਕ ਅਤੇ ਸਮਾਜਿਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਜਿੰਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ, ਵਿਸ਼ਵ ਪੰਜਾਬੀ ਸਾਹਿੱਤ ਅਕਾਡਮੀਂ, ਪੀਸੀਏ, ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਦੇ ਬਹੁਤ ਸਾਰੇ ਸੁਹਿਰਦ ਸੱਜਣ ਸ਼ਾਮਲ ਹੋਏ।

ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ ਲਈ ਉੱਘੇ ਪੱਤਰਕਾਰ ਮਨਦੀਪ ਖੁਰਮੀਂ ਹਿੰਮਤਪੁਰਾ ਉਚੇਚੇ ਤੌਰ ਤੇ ਇੰਗਲੈਂਡ ਤੋਂ ਪਹੁੰਚੇ ਹੋਏ ਸਨ। ਪੰਜਾਬੀ ਸਾਹਿੱਤ ਸਭਾ ਕੈਲੀਫੋਰਨੀਆਂ ਵੱਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਖ਼ੂਬੀ ਕੀਤਾ। ਇਸ ਪੁਸਤਕ 'ਤੇ ਪਰਚਾ ਲੇਖਕ ਸੰਤੋਖ ਮਨਿਹਾਸ ਨੇ ਪੜਿਆ। ਲੇਖਕ ਅਸ਼ੋਕ ਭੌਰਾ ਨੇ ਵੀ ਆਪਣੇ ਸ਼ਬਦਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਦੇ ਕੀਤੀ। ਹੋਰ ਬੋਲਣ ਵਾਲੇ ਬੁਲਾਰਿਆਂ ਜਿਨ੍ਹਾਂ ਨੇ ਕਵਿਤਾਵਾਂ ਅਤੇ ਗੀਤਾਂ ਜਾਂ ਆਪਣੇਂ ਬੋਲਾਂ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ ਉਹਨਾਂ ਵਿੱਚ ਵਿੱਚ ਬੱਲੂ ਸਿੰਘ, ਬੱਬੂ ਗੁਰਪਾਲ, ਜਗਦੇਵ ਧੰਜਲ, ਧਰਮਵੀਰ ਥਾਂਦੀ, ਗੋਗੀ ਸੰਧੂ, ਇੰਦਰਜੀਤ ਥਰੀਕੇ, ਗੁਰਦੀਪ ਸਿੰਘ ਅਣਖੀ, ਕੁਲਵੰਤ ਉੱਭੀ ਧਾਲੀਆਂ, ਦਿੱਲ ਨਿੱਝਰ, ਮੇਜਰ ਕੁਲਾਰ, ਗੁਰਬਖਸ਼ੀਸ਼ ਗਰੇਵਾਲ, ਜਗਤਾਰ ਗਿੱਲ, ਅਕਾਸ਼ਦੀਪ, ਮਨਦੀਪ ਖੁਰਮੀਂ ਹਿੰਮਤਪੁਰਾ, ਅਵਤਾਰ ਗੋਦਾਰਾ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਕੁਲਵੰਤ ਸੇਖੋ, ਬਲਬੀਰਿ ਸੰਘ ਐਮ ਏ ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਆਦਿ ਦੇ ਨਾਮ ਸਾਮਲ ਹਨ। ਅੰਤ ਵਿੱਚ ਸਮੂੰਹ ਧਾਲੀਵਾਲ ਪਰਿਵਾਰ, ਰਿਸ਼ਤੇਦਾਰਾਂ ਅਤੇ ਪਤਵੰਤੇ ਸੱਜਣਾਂ ਨੇ ਮਾਤਾ ਜੀ ਨੂੰ ਯਾਦ ਕਰਦੇ ਹੋਏ ਇਹ ਪੁਸਤਕ ਲੋਕ ਅਰਪਣ ਕੀਤੀ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਪੁਸਤਕ ਜਿੱਥੇ ਮਾਤਾ ਮੁਖਤਿਆਰ ਕੌਰ ਦੀਆ ਪਰਿਵਾਰ ਅਤੇ ਸਮਾਜ ਪ੍ਰਤੀ ਸੇਵਾਵਾ ਦਾ ਜਿਕਰ ਕਰਦੀ ਹੈ, ਉੱਥੇ ਇਕ ਚੰਗੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਦੀ ਹੋਈ ਸਾਨੂੰ ਆਪਣੀਆਂ ਜਿੰਮੇਵਾਰੀਆਂ ਪ੍ਰਤੀ ਵੀ ਜਾਗਰੂਕ ਕਰਦੀ ਹੈ।

# ਸ. ਅਵਤਾਰ ਸਿੰਘ ਸਹੋਤਾ ਦੀ ਭਾਣਜੀ ਦਾ ਸ਼ੁਭ ਆਨੰਦ ਕਾਰਜ

ਪਿਛਲੇ ਹਫਤੇ ਯੂਬਾ ਸਿਟੀ ਵਿਚ ਟਾਇਰਾ ਬੁਏਨਾ ਗੁਰੂ ਘਰ ਵਿਖੇ ਅਵਤਾਰ ਸਿੰਘ (ਤਾਰੀ) ਸਹੋਤਾ ਦੀ ਭਾਣਜੀ ਬੀਬੀ ਮੁਨੀਤ ਕੌਰ ਹੁੰਦਲ ਜੋ ਸਵਰਗਵਾਸੀ ਰਣਜੀਤ ਸਿੰਘ ਹੁੰਦਲ ਤੇ ਮਾਤਾ ਬੀਬੀ ਇਕਬਾਲ ਕੌਰ ਹੁੰਦਲ ਦੀ ਪੁੱਤਰੀ ਹੈ, ਦਾ ਸ਼ੁਭ ਵਿਆਹ ਗੁਰਵਿੰਦਰ ਸਿੰਘ ਨਿਝਰ ਜੋ ਰਣਜੀਤ ਸਿੰਘ ਨਿਝਰ ਤੇ ਬੀਬੀ ਨਛੱਤਰ ਕੌਰ ਨਿਝਰ ਦੇ ਪੁੱਤਰ ਨਾਲ ਹੋਇਆ। ਵਿਆਹ ਵਿਚ ਹੁੰਦਲ ਪਰਿਵਾਰ, ਸਹੋਤਾ ਪਰਿਵਾਰ, ਬਾਜਵਾ ਪਰਿਵਾਰ, ਖੁਣਖੁਣ ਪਰਿਵਾਰ, ਢਿੱਲੋਂ ਪਰਿਵਾਰ ਤੇ ਦੋਸਤ-ਮਿੱਤਰ ਸ਼ਾਮਲ ਹੋਏ।

ਦਸੰਬਰ 29, 2018 ਨੂੰ ਹੋਏ ਇਸ ਸ਼ੁਭ ਵਿਆਹ ਮੌਕੇ ਗੁਰ ਮਰਿਆਦਾ ਨਾਲ ਇਹ ਸ਼ੁਭ ਵਿਆਹ ਹੋਇਆ। ਜਿਸ ਵਿਚ ਅਵਤਾਰ ਸਿੰਘ ਸਹੋਤਾ ਦੇ ਦੋਸਤ ਜਿਹਨਾਂ ਵਿਚ ਕਬੱਡੀ ਦੇ ਸਭ ਤੋਂ ਪਹਿਲੇ ਪ੍ਰਮੋਟਰ ਸ. ਜੌਹਨ ਸਿੰਘ ਗਿੱਲ ਤੇ ਪ੍ਰਸਿੱਧ ਟਰੱਕਿੰਗ ਦੇ ਬਿਜਨਸ ਕਰਦੇ ਸ. ਹਰਨੇਕ ਸਿੰਘ ਅਟਵਾਲ ਉਚੇਚੇ ਤੌਰ 'ਤੇ ਪਹੁੰਚੇ। ਹੋਰ ਸੱਜਣਾਂ-ਮਿੱਤਰਾਂ ਵਿਚ ਦਲਬੀਰ ਗਿੱਲ, ਰਣਜੀਤ ਕੰਦੋਲਾ, ਹਰਬੰਸ ਸਿੰਘ ਪੰਮਾ, ਗੁਰਮੇਜ਼ ਸਿੰਘ ਗਿੱਲ, ਤਜਿੰਦਰ ਦੁਸਾਂਝ, ਗੁਰਨਾਮ ਸਿੰਘ ਪੰਮਾ ਤੇ ਹੋਰ ਬਹੁਤ ਸਾਰੇ ਸੱਜਣ ਮਿੱਤਰ ਸ਼ਾਮਲ ਹੋਏ।

ਸਾਰੇ ਆਏ ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਦਾ ਅਵਤਾਰ ਸਿੰਘ ਸਹੋਤਾ ਦੇ ਪਰਿਵਾਰ ਤੇ ਹੁੰਦਲ ਪਰਿਵਾਰ ਵੱਲੋਂ ਧੰਨਵਾਦ ਕੀਤਾ ਗਿਆ।

ਪਰਦੇਸ ਟਾਇਮਜ਼ ਵੱਲੋਂ ਵੀ ਨਵੇਂ ਵਿਆਹੇ ਜੋੜੇ ਤੇ ਪਰਿਵਾਰਾਂ ਨੂੰ ਬਹੁਤ ਬਹੁਤ ਵਧਾਈਆਂ।



























# ਸ. ਅਵਤਾਰ ਸਿੰਘ ਸਹੋਤਾ ਦੀ ਭਾਣਜੀ ਦਾ ਸ਼ੁਭ ਆਨੰਦ ਕਾਰਜ















ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ


Raja

New Introducing Chaat Corner

King of Sweets Now Presents

Come and Enjoy Mouth Watering Chaat All Day



ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

RAJA SWEETS & INDIAN CUISINE

31583 Alvarado Blvd. Union City, CA 94587

Phone : (510) 489-9100



MOON indian cuisine

Moon Indian Cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544

Phone (510)780-9233 Fax (510) 780-9812

www.moonindiancuisine.net



TEC Equipment OAKLAND

Your Best Business Partner

ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿੰਦੇ ਹਾਂ

THE WEST'S LEADING FULL-SERVICE TRUCK AND TRAILER DEALERSHIP

SALES & LEASING • PARTS & SERVICE • FINANCE & INSURANCE



HARJINDER SINGH BAL

NEW TRUCK SALES

Direct 510-577-5509 | Cell 510-613-3573

hsingh@tecequipment.com

TECEQUIPMENT.COM

8099 S COLISEUM WAY, OAKLAND, CA 94621

# ਲੋਕਤੰਤਰ ਦਾ ਧੁਰਾ: ਵੋਟ ਬੈਂਕ ਜਾਂ ਵਿਅਕਤੀਗਤ ਅਧਿਕਾਰ

**ਤੇਗਿੰਦਰ (ਡਾ.)**

ਮਨੁੱਖ ਨੇ ਆਪਣੇ ਵਿਕਾਸ ਲਈ ਹੁਣ ਤੱਕ ਜੋ ਪ੍ਰਬੰਧ ਸਭ ਤੋਂ ਚੰਗਾ ਵਿਕਸਤ ਕੀਤਾ, ਉਹ ਲੋਕਤੰਤਰ ਹੈ। ਇਸ ਦਾ ਵਿਕਾਸ ਵਿਅਕਤੀਗਤ ਅਧਿਕਾਰਾਂ ਦੇ ਸੰਘਰਸ਼ ਵਿਚੋਂ ਹੋਇਆ। ਪੁਨਰ-ਜਾਗਰਨ ਦੇ ਦੌਰ ਦੌਰਾਨ ਮਨੁੱਖ ਨੂੰ ਰੈਸ਼ਨਲ ਹਿਊਮਨ ਬੀਇੰਗ ਵਜੋਂ ਦੇਖਿਆ ਗਿਆ, ਉਸ ’ਤੇ ਯਕੀਨ ਕੀਤਾ ਗਿਆ ਕਿ ਉਹ ਆਪਣੇ ਭਲੇ ਬੁਰੇ ਦੀ ਪਛਾਣ ਕਰ ਸਕਦਾ ਹੈ। ਉਸ ਨੂੰ ਜ਼ਿੰਦਗੀ ਜਿਊਣ, ਸੁਤੰਤਰਤਾ ਅਤੇ ਜਾਇਦਾਦ ਦੇ ਅਧਿਕਾਰ ਕੁਦਰਤ ਵੱਲੋਂ ਮਿਲੇ ਹਨ। ਇਨ੍ਹਾਂ ਨੂੰ ਕੋਈ ਰਾਜ ਜਾਂ ਸੰਸਥਾ ਖੋਹ ਨਹੀਂ ਸਕਦੀ। ਸਟੇਟ ਜਾਂ ਸਰਕਾਰ ਦਾ ਕੰਮ ਇਨ੍ਹਾਂ ਦੀ ਰਾਖੀ ਕਰਨਾ ਹੈ ਤੇ ਹਰ ਬੰਦੇ ਲਈ ਹਰ ਹਾਲਤ ਵਿਚ ਮੁਹੱਈਆ ਕਰਾਉਣਾ ਹੈ। ਇਉਂ ਇਹ ਮਨੁੱਖ ਨੂੰ ਹਜ਼ਾਰਾਂ ਸਾਲਾਂ ਤੋਂ ਪਰੋਹਿਤ (ਪੁਜਾਰੀ) ਵਰਗ ਅਤੇ ਰਜਵਾੜਾਸ਼ਾਹੀ ਵੱਲੋਂ ਦਿੱਤੀ ਗੁਲਾਮੀ ਨੂੰ ਖਤਮ ਕਰਨ ਵੱਲ ਵੱਡੀ ਪੁਲਾਂਗ ਸੀ। ਅਗਲੇ ਸਮਿਆਂ ਵਿਚ ਇਨਸਾਨ ਨੇ ਇਨ੍ਹਾਂ ਅਧਿਕਾਰਾਂ ਤੇ ਇਨ੍ਹਾਂ ਵਿਚੋਂ ਨਿਕਲਦੇ ਹੋਰ ਸਮਾਜਿਕ, ਕਾਨੂੰਨੀ ਤੇ ਰਾਜਨੀਤਿਕ ਅਧਿਕਾਰਾਂ ਲਈ ਨਵੇਂ ਪ੍ਰਬੰਧ ਦੀ ਸਿਰਜਣਾ ਲਈ ਸੰਘਰਸ਼ ਸ਼ੁਰੂ ਕਰ ਦਿੱਤਾ ਤਾਂ ਕਿ ਜਾਤ, ਧਰਮ, ਨਸਲ, ਭਾਸ਼ਾ ਤੇ ਲਿੰਗ ਆਧਾਰਿਤ ਵਿਤਕਰਾ ਨਾ ਹੋਵੇ। ਇਸ ਪ੍ਰਬੰਧ ਨੂੰ ਲੋਕਤੰਤਰ ਦਾ ਨਾਮ ਦਿੱਤਾ ਗਿਆ। ਇਸੇ ਸਿਲਸਿਲੇ ਵਿਚ 1948 ਵਿਚ ਮਨੁੱਖੀ ਅਧਿਕਾਰਾਂ ਬਾਰੇ ਸੰਸਾਰਵਿਆਪੀ ਐਲਾਨਨਾਮਾ ਜਾਰੀ ਕੀਤਾ।

ਭਾਰਤ ਨੇ ਵੀ ਆਪਣੀ ਆਜ਼ਾਦੀ ਤੋਂ ਬਾਅਦ ਇਨ੍ਹਾਂ ਅਧਿਕਾਰਾਂ ਨੂੰ ਮੁੱਖ ਰੱਖ ਕੇ ਆਪਣਾ ਸੰਵਿਧਾਨ ਬਣਾਇਆ ਜਿਸ ਤਹਿਤ ਹਰ ਬੰਦੇ ਨੂੰ ਬਿਨਾ ਕਿਸੇ ਭੇਦਭਾਵ ਅਧਿਕਾਰ ਦਿੱਤੇ। ਇਨ੍ਹਾਂ ਵਿਚ ਵੋਟ ਪਾਉਣ ਦਾ ਅਧਿਕਾਰ ਮੁੱਖ ਸੀ। ਭਾਰਤ ਵਰਗੇ ਪੱਛੜੇ ਮੁਲਕ ਵਿਚ ਇਹ ਅਧਿਕਾਰ ਦੇਣਾ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਸੀ, ਉਸ ਵਕਤ ਪੱਛਮ ਦੇ ਕਈ ਦੇਸ਼ਾਂ ਜਿਵੇਂ ਬੈਲਜੀਅਮ, ਸਵਿਟਜ਼ਰਲੈਂਡ ਵਿਚ ਅਜੇ ਔਰਤਾਂ ਨੂੰ ਵੋਟ ਦਾ ਆਧਿਕਾਰ ਨਹੀਂ ਮਿਲਿਆ ਸੀ। 1950 ਵਿਚ ਸੰਵਿਧਾਨ ਲਾਗੂ ਕੀਤਾ ਗਿਆ ਅਤੇ। ਪਹਿਲੀ ਵਾਰ 1952 ਵਿਚ ਚੋਣਾਂ ਹੋਈਆਂ ਤਾਂ ਜਨਤਾ ਨੂੰ ਨਾ ਤਾਂ ਵਿਅਕਤੀਗਤ ਅਧਿਕਾਰਾਂ ਦਾ ਗਿਆਨ ਸੀ ਤੇ ਨਾ ਹੀ ਵੋਟ ਦੀ ਅਹਿਮੀਅਤ ਦਾ ਪਤਾ ਸੀ। ਸੋ ਭਾਰਤੀ ਨੇਤਾ ਆਪਣੀਆਂ ਰੈਲੀਆਂ ਜਾਂ ਭਾਸ਼ਨਾਂ ਵਿਚ ਸਿਰਫ਼ ਵੋਟ ਹੀ ਨਹੀਂ ਸੀ ਮੰਗਦੇ, ਉਨ੍ਹਾਂ ਨੂੰ ਉਨ੍ਹਾਂ ਦੇ ਵਿਅਕਤੀਗਤ ਅਧਿਕਾਰਾਂ ਬਾਰੇ ਵੀ ਦੱਸਦੇ ਜਾਂ ਸੁਚੇਤ ਕਰਦੇ ਸਨ। ਉਹ ਦੱਸਦੇ ਕਿ ਰਾਜ ਕਰਨ ਵਾਲੇ ਤੁਹਾਡੇ ਉੱਪਰ ਥੋਪੇ ਨਹੀਂ ਜਾਣਗੇ, ਤੁਹਾਡੇ ਵੋਟ ਬਕਸਿਆਂ ਵਿਚੋਂ ਨਿਕਲਣਗੇ, ਇਨ੍ਹਾਂ ਦੀ ਹੋਣੀ ਦਾ ਫੈਸਲਾ ਹੁਣ ਇਨ੍ਹਾਂ ਦੇ ਜਨਮ ’ਤੇ ਨਿਰਭਰ ਨਹੀਂ ਸਗੋਂ ਤੁਹਾਡੀ ਇਕ ਇਕ ਕੀਮਤੀ ਵੋਟ ਕਰੇਗੀ। ਵੋਟ ਪਾਉਣ ਮੌਕੇ ਆਪਣਾ ਵਿਵੇਕ ਵਰਤਣ ਲਈ ਪ੍ਰੇਰਿਆ ਗਿਆ। ਕਿਸੇ ਵੀ ਤਰ੍ਹਾਂ ਦੀਆਂ ਭਾਵਨਾਵਾਂ (ਜਾਤ, ਧਰਮ, ਇਲਾਕਾ ਆਦਿ) ਦੇ ਵਹਿਣ ਤੋਂ ਬਚਣ ਦੀ ਅਪੀਲ ਕੀਤੀ ਗਈ।

ਨਵੀਂ ਨਵੀ ਆਜ਼ਾਦੀ ਮਿਲੀ ਸੀ, ਸਾਡੇ ਨੇਤਾ ਆਜ਼ਾਦੀ ਦੇ ਨਾਮ ’ਤੇ ਦਿਖਾਏ ਸੁਪਨੇ ਪੂਰਾ ਕਰਨ ਦੀ ਵਾਹ ਲਾ ਰਹੇ ਸਨ ਕਿ ਐਸਾ ਸਮਾਜ ਤਾਮੀਰ ਕਰੀਏ ਜਿਸ ਵਿਚ ਹਰ ਬੰਦਾ ਆਰਥਿਕ ਤੇ ਸਮਾਜਿਕ ਬਰਾਬਰੀ ਅਤੇ ਆਜ਼ਾਦੀ ਨਾਲ ਵਿਚਰ ਸਕੇ ਪਰ ਭਾਰਤੀ ਸਮਾਜ ਵਿਚ ਲੰਮੇ ਸਮੇਂ ਤੋਂ ਚਲੀ ਆ ਰਹੀ ਆਰਥਿਕ ਤੇ ਸਮਾਜਿਕ ਕਾਣੀ ਵੰਡ ਨੇ ਲੋਕਤੰਤਰ ਦੀ ਇਸ ਕਵਾਇਦ ਨੂੰ ਸਮਝੌਤੇ ਕਰਨ ਲਈ ਮਜਬੂਰ ਕਰ ਦਿੱਤਾ। ਇਹ ਨਾਬਰਾਬਰੀ ਖਤਮ ਕਰਨ ਲਈ ਜਿਸ ਤਰ੍ਹਾਂ ਦੀ ਰਾਜਨੀਤਿਕ ਇੱਛਾ ਸ਼ਕਤੀ ਦੀ ਜ਼ਰੂਰਤ ਸੀ, ਉਹ ਦਮ ਤੋੜਨ ਲੱਗੀ, ਸਿੱਟਾ ਇਹ ਨਿਕਲਿਆ ਕਿ ਲੀਡਰਾਂ ਨੇ ਖਲਕਤ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਤਵੱਜੋ ਘੱਟ ਕਰ ਦਿੱਤੀ। ਇਸ ਦੇ ਬਦਲੇ ਸੱਤਾ ਦੇ ਗਲਿਆਰਿਆਂ ਵਿਚ ਸਦਾ ਲਈ ਕਿਵੇਂ ਰਹਿਣਾ ਹੈ, ਵਾਸਤੇ ਨਵੇਂ ਨਵੇਂ ਢੰਗ-ਤਰੀਕੇ ਲੱਭਣੇ ਤੇ ਲਾਗੂ ਕਰਨੇ ਸ਼ੁਰੂ ਕਰ ਦਿੱਤੇ। ਸਾਰ-ਤੱਤ ਇਹ ਸੀ ਕਿ ਬੰਦੇ ਦੇ ਵਿਵੇਕ ਨੂੰ ਉਭਾਰਨ ਦੀ ਥਾਂ ਉਸ ਦੀਆਂ ਭਾਵਨਾਵਾਂ ਨਾਲ ਖਤਰਨਾਕ ਢੰਗ ਨਾਲ ਖੇਡਣਾ ਸੀ ਤਾਂ ਜੋ ਇਨ੍ਹਾਂ ਦੀ ਸੋਚਣ ਸ਼ਕਤੀ ਖੁੰਡੀ ਕਰਕੇ ਵੱਖ ਵੱਖ ਜਾਤਾਂ, ਧਰਮਾਂ, ਭਾਸ਼ਾਵਾਂ, ਭਾਈਚਾਰੇ ਤੇ ਇਲਾਕਿਆਂ ਦੇ ਆਧਾਰ ’ਤੇ ਆਮ ਲੋਕਾਂ ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਵੋਟਾਂ ਦੇ ਰੂਪ ਵਿਚ ਆਪਣੇ ਹੱਕ ਵਿਚ ਭੁਗਤਾਇਆ ਜਾ ਸਕੇ। ਇਉਂ ਅਲੱਗ ਅਲੱਗ ਪਾਰਟੀਆਂ ਨੇ ਆਪੋ-ਆਪਣੀ ਲੋੜ ਮੁਤਾਬਿਕ ਵੱਖ ਵੱਖ ਵਰਗਾਂ ਦੇ ਆਧਾਰ ’ਤੇ ਆਪਣੇ ਵਫ਼ਾਦਾਰ ਵੋਟਰਾਂ ਦੇ ਸਮੂਹ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਵਿਅਕਤੀਗਤ ਜ਼ਿੰਦਗੀ ਤੇ ਉਸ ਦੀ ਹੋਣੀ ਨੂੰ ਉਸ ਦੇ ਸਮੂਹ ਦੇ ਅਧੀਨ ਕਰ ਦਿੱਤਾ। ਲੋਕਤੰਤਰ ਦਾ ਬੁਨਿਆਦੀ ਸਿਧਾਂਤ ਇਹ ਹੁੰਦਾ ਹੈ ਕਿ ਬੰਦਾ ਆਪਣੀ ਹੋਣੀ ਦਾ ਆਪ ਮਾਲਕ ਹੁੰਦਾ ਹੈ ਪਰ ਇਸ ਸਿਧਾਂਤ ਦੀ ਬਲੀ ਦੇ ਦਿੱਤੀ ਗਈ। ਇਸ ਨੂੰ ਸਗੋਂ ਵੋਟ ਬੈਂਕ ਦਾ ਨਾਂ ਦੇ ਦਿੱਤਾ ਗਿਆ। ਇਸ ਦੀ ਵਰਤੋਂ ਪਹਿਲੀ ਵਾਰ ਉੱਘੇ ਸਮਾਜ ਵਿਗਿਆਨੀ ਐੱਮਐੱਨ ਸ੍ਰੀਨਿਵਾਸ ਨੇ 1955 ਵਿਚ ਕੀਤੀ। ਬਾਅਦ ਵਿਚ ਇਹ ਭਾਰਤੀ ਰਾਜਨੀਤਿਕ ਵਿਆਕਰਨ ਦਾ ਅਨਿਖੜ ਅੰਗ ਬਣ ਗਈ। ਨਤੀਜੇ ਵਜੋਂ ਲੋਕਤੰਤਰਿਕ ਪ੍ਰਕਿਰਿਆ ਦਾ ਸਰੂਪ ਹੀ ਬਦਲ ਗਿਆ, ਬੰਦਾ ਗੌਣ ਹੋ ਗਿਆ ਅਤੇ ਕਮਿਊਨਿਟੀ (ਬਰਾਦਰੀ)

(ਬਾਕੀ ਸਫਾ 22 ‘ਤੇ)

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਬਲਰਾਜ ਸਿੰਘ ਢਿੱਲੋਂ 530-682-4579
ਮਨਦੀਪ ਸਿੰਘ ਢਿੱਲੋਂ 530-870-6643

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਦਲਬੀਰ ਸਿੰਘ ਗਿੱਲ
ਪ੍ਰਸਿੱਧ ਫਾਰਮਰ, ਯੂਬਾ ਸਿਟੀ

530-713-4256

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ





ਸੁਖਰਾਜ ਸਿੰਘ ਪੰਮਾ, ਅਟਾਰਨੀ

ਗੁਰਨਾਮ ਸਿੰਘ ਪੰਮਾ 530-682-6444

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



# ਡਾ ਹਿੰਦੀ ਸੰਧੂ
## ਫਰਿਜਨੋ, ਸੈਲਮਾ

---

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

# GARY BASRAI



## HALLER'S PHARMACY FREMONT

* Free Delivery * Open 7 days a week
* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।
* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।
* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: **510-797-2772**

**37323 Fremont Blvd, Fremont, CA- 94536**

---

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ




# Quick Lube & Smog

## We rent U-HAUL

**OIL CHANGE & SMOG CHECK STATION**

# SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

---

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644

**510-538-2983**

**ਡਾ. ਗੋਬਿੰਦ ਸਿੰਘ ਸਮਰਾਓ ਜੋ ਕਿ ਹੋਮਿਓਪੈਥੀ ਦੇ ਮਾਹਿਰ ਹਨ, ਦੀ ਪੁਸਤਕ 'ਸੋ ਦੁਖੁ ਕੈਸਾ ਪਾਵੇ' ਵਿਚੋਂ ਅਸੀਂ ਤੁਹਾਨੂੰ ਲੜੀਵਾਰ ਲੇਖ ਛਾਪਿਆ ਕਰਾਂਗੇ।**

# ਹੱਥ ਦੀ ਸਫਾਈ



ਡਾ ਗੋਬਿੰਦਰ ਸਿੰਘ ਸਮਰਾਓ
408-991-4249

ਸਾਨੂੰ ਸਭ ਨੂੰ ਜਾਦੂ ਦੇ ਖੇਡ ਬਹੁਤ ਲੁਭਾਉਣੇ ਲੱਗਦੇ ਹਨ, ਕਿਉਂਕਿ ਉਹਨਾਂ ਵਿਚ ਹੱਥ ਦੀ ਸਫਾਈ ਰਾਹੀਂ ਅਸੀਂ ਆਪਣੇ ਸਾਹਮਣੇ ਅਸੰਭਵ ਨੂੰ ਸੰਭਵ ਹੁੰਦਾ ਮਹਿਸੂਸ ਕਰਦੇ ਹਾਂ। ਇਹਨਾਂ ਨੂੰ ਵੇਖ ਕੇ ਮਨ ਵਿਚ ਆਉਂਦਾ ਹੈ, ''ਕਾਸ਼ ਅਸੀਂ ਵੀ ਕੋਈ ਅਜਿਹਾ ਚਮਤਕਾਰ ਕਰ ਸਕਦੇ ਹੁੰਦੇ ਜਿਸ ਨੂੰ ਵੇਖ ਕੇ ਲੋਕ ਦੰਗ ਰਹਿ ਜਾਂਦੇ।'' ਪਰ ਅਸੀਂ ਆਪਣੀ ਅਸਲ ਜ਼ਿੰਦਗੀ ਵੱਲ ਧਿਆਨ ਨਹੀਂ ਮਾਰਦੇ ਜਿਸ ਵਿਚ ਸੈਂਕੜੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਅਸੰਭਵ ਨੂੰ ਸੰਭਵ ਕਰਨ ਦੇ ਮਾਮਲੇ ਵਿਚ ਘੱਟ ਜਾਦੂਮਈ ਨਹੀਂ ਹੁੰਦੀਆਂ। ਫਰਕ ਸਿਰਫ ਇਹ ਹੈ ਕਿ ਕਈ ਵਾਰੀ ਇਹਨਾਂ ਹੋਣੀਆਂ ਦੀ ਕਰਾਮਾਤ ਅਨੁਭਵ ਕਰਨ ਲਈ ਸਾਨੂੰ ਇਹਨਾਂ ਨੂੰ ਅਤੀਤ ਦੇ ਲੰਮੇ ਪਰਿਪੇਖ ਵਿਚ ਵੇਖਣਾ ਪੈਂਦਾ ਹੈ। ਇਸ ਲਈ ਜਦੋਂ ਤਾਈਂ ਇਹਨਾਂ ਦੇ ਜਾਦੂਮਈ ਪ੍ਰਭਾਵ ਸਾਹਮਣੇ ਆਉਣੇ ਸ਼ੁਰੂ ਹੁੰਦੇ ਹਨ, ਉਦੋਂ ਤੀਕਰ ਅਸੀਂ ਇਹਨਾਂ ਦਾ ਅਤੀਤੀ ਸੰਦਰਭ ਭੁੱਲ ਜਾਂਦੇ ਹਾਂ। ਜੋ ਇਹਨਾਂ ਘਟਨਾਵਾਂ ਦੇ ਸਿੱਟੇ ਇਹਨਾਂ ਦੇ ਵਾਪਰਨ ਤੋਂ ਤੁਰੰਤ ਬਾਅਦ ਪ੍ਰਾਪਤ ਹੋ ਜਾਣ ਤਾਂ ਇਹ ਅਵੱਸ਼ ਹੀ ਕਿਸੇ ਜਾਦੂ ਤੋਂ ਘੱਟ ਨਹੀਂ ਲੱਗਦੀਆਂ। ਇਸ ਕਥਨ ਦੀ ਪੁਸ਼ਟੀ ਲਈ ਇਕ ਅਜਿਹੀ ਹੀ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ, ਜੋ ਬਿਲਕੁਲ ਸੱਚੀ ਹੈ ਅਤੇ ਜਿਸ ਦੇ ਪਾਤਰ ਅਜੇ ਵੀ ਮੌਜੂਦ ਹਨ।

ਇਹ ਗੱਲ ਜੂਨ 1994 ਦੀ ਹੈ। ਗਰਮੀ ਦੀਆਂ ਛੁੱਟੀਆਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਜਿੱਥੇ ਮੈਂ ਪੜ੍ਹਾਉਂਦਾ ਸੀ, ਤੋਂ ਐਲ. ਟੀ. ਸੀ. ਭਾਵ ਸੈਰ-ਸਪਾਟੇ ਦੀ ਛੁੱਟੀ ਲੈ ਕੇ ਮੈਂ ਪਰਿਵਾਰ ਸਮੇਤ ਦੱਖਣੀ ਭਾਰਤ ਦੀ ਸੈਰ 'ਤੇ ਗਿਆ। ਸਾਡੇ ਕੋਲ ਘੁੰਮਣ ਫਿਰਨ ਲਈ ਤਿੰਨ ਹਫਤੇ ਦਾ ਸਮਾਂ ਸੀ, ਜਿਸ ਵਿਚੋਂ ਪਹਿਲਾਂ ਤਕਰੀਬਨ ਇਕ ਹਫਤਾ ਅਸੀਂ ਕਰਨਾਟਕ ਦੇ ਇਤਿਹਾਸਕ ਸ਼ਹਿਰ ਗੁਲਬਰਗ ਵਿਚ ਰੁਕਣਾ ਸੀ। ਗੁਲਬਰਗੇ ਮੇਰ ਲੜਕੀ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦੀ ਸੀ ਅਤੇ ਉਸ ਨੂੰ ਗਰਮੀ ਦੀਆਂ ਛੁੱਟੀਆਂ ਹੋਣ ਵਾਲੀਆਂ ਸਨ। ਛੁੱਟੀਆਂ ਹੋਣ ਉਪਰੰਤ ਅਸੀਂ ਉਸ ਨੂੰ ਕੰਨਿਆ ਕੁਮਾਰੀ ਤੀਕਰ ਘੁੰਮਣ ਲਈ ਨਾਲ ਲੈ ਕੇ ਜਾਣਾ ਸੀ ਤੇ ਫਿਰ ਬਕਾਇਆ ਛੁੱਟੀਆਂ ਕੱਟਣ ਲਈ ਆਪਣੇ ਘਰ ਪਟਿਆਲੇ ਲੈ ਕੇ ਆਉਣਾ ਸੀ।

ਗੁਲਬਰਗੇ ਪਹੁੰਚ ਕੇ ਮੇਰੀ ਪਤਨੀ ਨੇ ਕਿਹਾ, ''ਸਾਡੇ ਕੋਲ ਇੱਥੇ ਠਹਿਰਨ ਦਾ ਕਾਫੀ ਸਮਾਂ ਹੈ। ਇੱਥੋਂ ਦਾ ਤਾਂ ਸਭ ਕੁਝ ਵੇਖਿਆ ਹੋਇਆ ਹੈ, ਬੈਠੇ ਵਾਧੂ ਬੋਰ ਹੋਵਾਂਗੇ। ਚਲੋ ਕਿਤੇ ਹੋਰ ਘੁੰਮ ਆਈਏ।'' ਮੈਂ ਹਾਮੀ ਭਰੀ ਤੇ ਅਗਲੀ ਸਵੇਰ ਅਸੀਂ ਦੱਖਣ ਦਾ ਪ੍ਰਸਿੱਧ ਸ਼ਹਿਰ ਹੈਦਰਾਬਾਦ ਵੇਖਣ ਚਲੇ ਗਏ। ਇਸ ਸ਼ਹਿਰ ਵਿਚ ਚਾਰ ਮਿਨਾਰ, ਗੋਲਕੰਡਾ ਦਾ ਕਿਲਾ, ਓਸਮਾਨੀਆਂ ਝੀਲ, ਸਾਲਾਰਜੰਗ ਅਜਾਇਬਘਰ ਆਦਿ ਕਈ ਵੇਖਣਯੋਗ ਥਾਵਾਂ ਹਨ। ਇਸ ਦੇ ਨਾਲ-ਨਾਲ ਇਹ ਸ਼ਹਿਰ ਸੁੱਚੇ ਮੋਤੀਆਂ (ਪਰਲਜ਼) ਦੇ ਗਹਿਣਿਆਂ ਦੀ ਵਿਸ਼ਵ ਪ੍ਰਸਿੱਧ ਮੰਡੀ ਵੀ ਹੈ। ਜਦੋਂ ਅਸੀਂ ਪਹਿਲਾਂ 1983 ਵਿਚ ਓਸਮਾਨੀਆ ਯੂਨੀਵਰਸਿਟੀ ਵਿਚ ਸਰਬ ਭਾਰਤੀ ਪੁਲੀਟੀਕਲ ਸਾਇੰਸ ਦੀ ਸਾਲਾਨਾ ਕਾਨਫਰੰਸ ਵਿਚ ਭਾਗ ਲੈਣ ਲਈ ਗਏ ਸਾਂ ਤਾਂ ਮੇਰੀ ਪਤਨੀ ਨੇ ਉਥੋਂ ਇਕ ਸੁੱਚੇ ਮੋਤੀਆਂ ਦਾ ਹਾਰ ਲੈਣ ਦਾ ਮਨ ਬਣਾਇਆ ਸੀ ਪਰ ਕਈ ਰੁਝੇਵਿਆਂ ਕਾਰਨ ਉਦੋਂ ਉਸ ਦੀ ਇਹ ਮਨਸ਼ਾ ਪੂਰੀ ਨਹੀਂ ਸੀ ਹੋ ਸਕੀ। ਇਸ ਲਈ ਇਸ ਵਾਰ ਉਥੇ ਪਹੁੰਚਦਿਆਂ ਹੀ ਉਸ ਨੇ ਸਭ ਤੋਂ ਪਹਿਲਾਂ ਚਾਰ ਮੀਨਾਰ ਦੁਆਲੇ ਫੈਲੀ ਮੋਤੀ ਮਾਰਕੀਟ ਵਿਚ ਜਾਣ ਦਾ ਪ੍ਰੋਗਰਾਮ ਬਣਾਇਆ।

ਪਰਲ ਬਾਜ਼ਾਰ ਪਹੁੰਚ ਕੇ ਅਸੀਂ ਵੱਖ-ਵੱਖ ਦੁਕਾਨਾਂ ਵਿਚ ਮੋਤੀਆਂ ਨਾਲ ਜੜੇ ਗਲੇ ਦੇ ਸੈੱਟ ਵੇਖਣੇ ਸ਼ੁਰੂ ਕਰ ਦਿੱਤੇ। ਇਕ ਤੋਂ ਇਕ ਵਧੀਆ ਸਜੀਆਂ ਦੁਕਾਨਾਂ ਤੇ ਸੁੰਦਰ ਤੋਂ ਸੁੰਦਰ ਜ਼ੇਵਰਾਤ ਦੀ ਭਰਮਾਰ ਜਿਹਨਾਂ ਵਿਚ ਇਕ ਤੋਂ ਇਕ ਵਧੀਆ ਕੁਆਲਟੀ ਦੇ ਸੁੱਚੇ ਮੋਤੀ ਜੜੇ ਹੋਏ ਸਨ। ਇਹਨਾਂ ਵਿਚੋਂ ਇਕ ਸੈਟ ਪਸੰਦ ਕਰਨਾ ਬਹੁਤ ਔਖਾ ਸੀ। ਅਖੀਰ ਨੂੰ ਕਈ ਘੰਟੇ ਮਗਰੋਂ ਜਦੋਂ ਅਸੀਂ ਥੱਕ ਹਾਰ ਕੇ ਮੁੜਨ ਹੀ ਵਾਲੇ ਸਾਂ ਤਾਂ ਮੇਰੀ ਪਤਨੀ ਨੂੰ ਇਕ ਦੁਕਾਨ ਵਿਚ ਇਕ ਸੈਟ ਪਸੰਦ ਆ ਗਿਆ। ਇਸ ਉਤੇ 3700 ਰੁਪਏ ਕੀਮਤ ਲਿਖੀ ਵੇਖ ਕੇ ਮੈਨੂੰ ਕਹਿਣ ਲੱਗੀ, ''ਪਸੰਦ ਤਾਂ ਹੈ। ਇਸ ਦੇ ਕਾਰੀਗਰ ਦੀ ਹੱਥ ਦੀ ਸਫਾਈ ਵੀ ਠੀਕ ਲੱਗਦੀ ਹੈ। ਪਰ ਮਹਿੰਗਾ ਹੈ। ਚਲੋ ਇਕ ਦੋ ਥਾਂ ਹੋਰ ਵੇਖ ਲਈਏ।'' ਮੈਂ ਕਿਹਾ, ਜੇ ਤਿੰਨ ਕੁ ਹਜ਼ਾਰ ਦਾ ਦਿੰਦਾ ਹੈ ਤਾਂ ਠੀਕ ਹੈ। ਮੈਂ ਉਸ ਨੂੰ ਧਰਵਾਸ ਦਿੰਦਿਆਂ ਕਿਹਾ, ਇਸ ਨੂੰ ਤਿੰਨ ਹਜ਼ਾਰ ਤੀਕਰ ਲਿਆਉਣਾ ਤਾਂ ਮੇਰੇ ਖੱਬੇ ਹੱਥ ਦੀ ਖੇਡ ਹੈ, ਸੱਜਾ ਹੱਥ ਵਰਤਿਆ ਤਾਂ 2500 'ਤੇ ਵੀ ਲੈ ਆਵਾਂਗਾ। ਹੋਰ ਗੱਲ ਵਿਚ ਹੋਵੇ ਨਾ ਹੋਵੇ, ਰੇਟ ਘੱਟ ਕਰਾਉਣ ਦੇ ਮਾਮਲੇ ਵਿਚ ਉਸ ਨੂੰ ਮੇਰੇ 'ਤੇ ਪੂਰਾ ਭਰੋਸਾ ਸੀ। ਇਸ ਕਲਾ ਵਿਚ ਸਭ ਵਾਕਫਕਾਰ ਮੇਰਾ ਸਿੱਕਾ ਮੰਨਦੇ ਸਨ ਤੇ ਕਈ ਤਾਂ ਪਟਿਆਲੇ ਵਿਚ ਸਸਤੀ ਸ਼ਾਪਿੰਗ ਲਈ ਮੈਨੂੰ ਉਚੇਚਾ ਨਾਲ ਲੈ ਕੇ ਜਾਂਦੇ ਸਨ।

ਹਾਰ ਖਰੀਦਣ ਸਮੇਂ ਮੈਂ ਸੇਲਜ਼ਮੈਨ ਨੂੰ ਕਈ ਤਰ੍ਹਾਂ ਦੀਆਂ ਦਲੀਲਾਂ ਦੇ ਕੇ ਉਸ ਤੋਂ ਗੱਲੀਂ ਬਾਤੀ 500 ਰੁਪਏ ਤਾਂ ਘੱਟ ਕਰਵਾ ਲਏ। ਪਰ ਜਦੋਂ ਉਸ ਨੇ ਹੋਰ ਹੇਠਾਂ ਆਉਣ ਤੋਂ ਹੱਥ ਖੜ੍ਹੇ ਕਰ ਦਿੱਤੇ ਤਾਂ ਮੈਂ ਕਿਹਾ, "ਰੇਟ ਅਭੀ ਭੀ ਬਹੁਤ ਹਾਈ ਹੈ। ਸੈਟ ਸੇਠ ਕੇ ਪਾਸ ਭੇਜ, ਮੈਂ ਆਗੇ ਉਸੀ ਸੇ ਬਾਤ ਕਰੂੰਗਾ।'' ਉਸ ਨੇ ਸੈਟ ਸੇਠ ਕੋਲ ਭੇਜ ਦਿੱਤਾ। ਕੁਝ ਦੂਰੀ ਤੇ ਬੈਠਾ ਸੇਠ ਸਭ ਸੁਣ ਰਿਹਾ ਸੀ ਪਰ ਕਹਿ ਕੁਝ ਨਹੀਂ ਸੀ ਰਿਹਾ। ਅਸੀਂ ਉਠ ਕੇ ਉਸ ਕੋਲ ਚਲੇ ਗਏ। ਉਸ ਨੂੰ ਨਿਹੱਥਾ ਕਰਨ ਲਈ ਸਭ ਤੋਂ ਪਹਿਲਾਂ ਮੈਂ ਬੋਲਣ ਦੀ ਥਾਂ ਇਸ਼ਾਰਿਆਂ ਰਾਹੀਂ ਗੱਲ ਕਰਨ ਦਾ ਪੈਂਤੜਾ ਚਲਾਇਆ। ਮੈਂ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਸਮਝਾਇਆ ਕਿ ਰੇਟ ਠੀਕ ਕਰੇ। ਉਸ ਨੇ ਅਨਭੋਲ ਜਿਹੇ ਹੋ ਕੇ ਉਸੇ ਅੰਦਾਜ਼ ਵਿਚ ਸੇਲਜ਼ਮੈਨ ਵੱਲ ਇੰਝ ਉਂਗਲਾਂ ਘੁੰਮਾਈਆਂ, ਜਿਵੇਂ ਪੁੱਛ ਰਿਹਾ ਹੋਵੇ, ਤੂੰ ਕਿੰਨੇ ਕਹੇ ਨੇ ਬਈ? ਉਸ ਨੇ ਦੂਰ ਖੜ੍ਹੇ ਹੀ ਉਤਰ ਦਿੱਤਾ, 3200 ਕਹਿ ਦੀਏ। ਸੇਠ ਨੇ ਉਤਰ ਸੁਣ ਕੇ ਖੱਸੇ ਸੱਜੇ ਜਿਹੇ ਸਿਰ ਮਾਰਿਆ ਜਿਵੇਂ ਕਹਿ ਰਿਹਾ ਹੋਵੇ ਕਿ ਸੇਲਜ਼ਮੈਨ ਨੇ ਬਿਲਕੁਲ ਸਹੀ ਰੇਟ ਲਾਇਆ ਹੈ। ਉਸ ਦੀ ਬੁੱਲ੍ਹਾਂ ਵਿਚੋਂ ਵਾਰ-ਵਾਰ ਸੱਪ ਵਾਗ ਜੀਭ ਬਾਹਰ ਕੱਢਣ ਦੀ ਆਦਤ ਮੈਨੂੰ ਅਣਸੁਖਾਵੀਂ ਲੱਗ ਰਹੀ ਸੀ ਪਰ ਇਸ ਗੱਲ ਦੀ ਖੁਸ਼ੀ ਵੀ ਸੀ ਕਿ ਉਹ ਮੇਰੀ ਇਸ਼ਾਰਿਆਂ ਦੀ ਖੇਡ ਤੇ ਠੀਕ ਚੱਲ ਰਿਹਾ ਸੀ। ਗੱਲ ਨਾ ਬਣਦੀ ਦੇਖ ਮੈਂ ਲਿਖਤੀ ਰਸਤਾ ਅਪਣਾਇਆ। ਉਸ ਕੋਲ ਪਏ ਇਕ ਪੈਡ ਉਤੇ ਮੈਂ ਚੁੱਪ ਚਾਪ 2500 ਲਿਖਕੇ ਇਸ ਨੂੰ ਇੰਝ ਉਸ ਦੇ ਸਾਹਮਣੇ ਰੱਖਿਆ ਜਿਵੇਂ ਕਹਿ ਰਿਹਾ ਹੋਵਾਂ, ਮੈਂ ਇੰਨੇ ਦੇਣੇ ਨੇ, ਹੁਣ ਸੁੱਟ ਆਪਣਾ ਪੱਤਾ। ਉਸ ਨੇ ਆਪਣੀ ਸੇਠਪੁਣੇ ਦੀ ਤਾਕਤ ਦਾ ਇਜ਼ਹਾਰ ਕਰਦਿਆਂ ਪੈਡ ਚੁੱਕਿਆ ਤੇ 3100 ਲਿਖ ਦਿੱਤ। ਮੈਂ ਘੂਰੀ ਜਿਹੀ ਵੱਟ ਕੇ ਉਸ ਦੀ ਤਾਕਤ ਦਾ ਤ੍ਰਿਸਕਾਰ ਕੀਤਾ ਅਤੇ 2525 ਲਿਖ ਕੇ ਪੈਡ ਉਸ ਵੱਲ ਧੱਕ ਦਿੱਤਾ। ਸਭ ਸੇਲਜ਼ਮੈਨ ਖੜ੍ਹੇ ਸਾਡੀ ਚੁੱਪੋ-ਗੁਪਤੀ ਦੀ ਖੇਡ ਦਾ ਆਨੰਦ ਲੈ ਰਹੇ ਸਨ।

ਸੇਠ ਨੇ ਆਪਣੀ ਸ਼ਕਤੀ ਦੀ ਲਾਜ ਰੱਖਣ ਲਈ ਸ਼ਰਮੋ-ਸ਼ਰਮੀ 3000 ਲਿਖਿਆ ਤੇ ਪੈਡ ਇਸ ਤਰ੍ਹਾਂ ਸਿਰ ਹਿਲਾ ਕੇ ਮੇਰੇ ਹਵਾਲੇ ਕਰ ਦਿੱਤਾ ਜਿਵੇਂ ਕਹਿ ਰਿਹਾ ਹੋਵੇ, ਇਹ ਫਾਈਨਲ ਹੈ, ਹੁਣ ਅੱਗੋਂ ਗੁੰਜਾਇਸ਼ ਨਹੀਂ। ਪਰ ਮੈਂ ਕਿੱਥੇ ਹਟਣ ਵਾਲਾ ਸਾਂ, ਮੈਨੂੰ ਉਸ ਦੇ ਤਿਲਾਂ ਵਿਚ ਹਾਲੇ ਹੋਰ ਤੇਲ ਨਜ਼ਰ ਆ ਰਿਹਾ ਸੀ। ਬਾਕਸਿੰਗ ਦੇ ਰੈਫਰੀ ਵਾਂਗ ਮੈਂ ਉਸ ਨੂੰ 2525 ਤੋਂ ਉਤੇ ਕਈ ਰਕਮਾਂ ਲਿਖ ਕੇ ਵਾਰ ਵਾਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਸਿਰ ਹਿਲਾਉਂਦਿਆਂ ਉਸ ਨੇ ਪੈਨ ਚੁੱਕਣ ਤੋਂ ਨਾਂਹ ਹੀ ਕਰ ਦਿੱਤੀ। ਲਿਖਤੀ ਸੰਵਾਦ ਛੱਡ ਮੈਂ ਹੁਣ ਗੱਲਬਾਤ ਤੇ ਉਤਰ ਆਇਆ। ਮੈਂ ਉਸ ਨੂੰ ਗਲੇ ਦੇ ਜੋਰ ਨਾਲ ਝੰਜੋੜਦੇ ਹੋਏ ਕਿਹਾ, ਬੋਲ ਯਾਰ, ਕੁਛ ਤੋਂ ਬੋਲ, ਰੁਕ ਕਯੋਂ ਗਯਾ।

ਮੇਰੇ ਇੰਨਾ ਕਹਿਣ ਤੇ ਸਭ ਮੁਲਾਜ਼ਮ ਇਕੋ ਸੰਜੀਦਾ ਸੁਰ ਵਿਚ ਇੰਝ ਬੋਲ ਉਠੇ ਜਿਵੇਂ ਕੋਈ ਗੁੱਝੀ ਜਾਣਕਾਰੀ ਦੇਣ ਦੀ ਪਹਿਲ ਕਰ ਰਹੇ ਹੋਣ, ਯੇ ਬੋਲ ਨਹੀਂ ਸਕਤੇ ਹੈਂ ਜੀ। ਮੈਂ ਹੈਰਾਨੀ ਨਾ ਪੁੱਛਿਆ, "ਕਿਉਂ?'' ਛੋਟੇ ਬੱਚਿਆਂ ਵਾਂਗ ਇਕੱਠੇ ਹੀ ਫਿਰ ਬੋਲੇ, 'ਇਨ ਕੀ ਆਵਾਜ਼ ਚਲੀ ਗਈ ਹੈ।' ਮੈਂ ਇਹ ਸੁਣ ਕੇ ਘਬਰਾ ਗਿਆ ਕਿ ਕਿਤੇ ਮੇਰੇ ਰਗੜਿਆਂ ਨਾਲ ਹੀ ਤਾਂ ਨਹੀਂ ਚਲੀ ਗਈ। ਹੁਣ ਸੈਟ ਨਾਲੋਂ ਮੈਨੂੰ ਸੇਠ ਦਾ ਵਧੇਰੇ ਫਿਕਰ ਹੋ ਗਿਆ। ਮੈਂ ਕਾਹਲ ਨਾਲ ਪੁੱਛਿਆ, ਵੋਹ ਕੈਸੇ?

'ਨੀਂਦ ਮੇਂ ਚਲੀ ਗਈ ਥੀ ਜੀ। ਦੋ ਸਾਲ ਪਹਿਲੇ ਰਾਤ ਕੋ ਸੋਏ ਥੇ, ਸੁਬ੍ਹਾ ਉਠੇ ਤੋਂ ਬੋਲ ਹੀ ਨਹੀਂ ਪਾਏ।'' ਉਹਨਾਂ ਨੇ ਕਿਹਾ। ਮੇਰੇ ਪੁੱਛਣ ਤੇ ਉਹਨਾਂ ਇਹ ਵੀ ਦੱਸਿਆ ਕਿ ਬਹੁਤ ਇਲਾਜ਼ ਕਰਵਾਏ ਪਰ ਕੋਈ ਫਰਕ ਨਹੀਂ ਪਿਆ। ਇਹ ਸੁਣ ਕੇ ਮੇਰੀ ਜਾਨ ਵਿਚ ਜਾਨ ਤਾਂ ਆਈ ਪਰ ਹੁਣ ਮੈਨੂੰ ਸੇਠ ਦੀ ਹਾਲਤ ਤੇ ਦੁੱਖ ਤੇ ਹਮਦਰਦੀ ਮਹਿਸੂਸ ਹੋਣ ਲੱਗੇ। ਮੈਂ ਸੇਠ ਵੱਲ ਗਹੁ ਨਾਲ ਦੇਖਿਆ ਤੇ ਕਾਫੀ ਸਮਾਂ ਉਸ ਨੂੰ ਉਸ ਦੀ ਬਿਮਾਰੀ ਬਾਰੇ ਸਵਾਲ ਪੁੱਛੇ। ਉਸ ਨੇ ਲਿਖ ਕੇ ਸਭ ਸਵਾਲਾਂ ਦੇ ਜਵਾਬ ਦਿੱਤੇ। ਸੇਠ ਤੇ ਉਸ ਦੇ ਸਾਥੀ ਹੈਰਾਨ ਸਨ ਕਿ ਸਰਦਾਰ ਹੁਣ ਸੈਟ ਲੈਣ ਦੀ ਗੱਲ ਨਹੀਂ ਕਰ ਰਿਹਾ, ਕਿਤੇ ਭਕਾਈ ਕਰਵਾ ਕੇ ਸੌਦਾ ਟਾਲ ਤਾਂ ਨਹੀਂ ਰਿਹਾ। ਉਧਰ ਮੇਰੀ ਪਤਨੀ ਦੇ ਮੂੰਹ ਤੇ ਵੀ ਮੈਨੂੰ ਫਿਕਰ ਜਿਹਾ ਉਭਰਿਆ ਨਜ਼ਰ ਆਇਆ, ਜਿਵੇਂ ਸੋਚ ਰਹੀ ਹੋਵੇ ਕਿ ਕਿਤੇ ਗੱਲਾਂ ਗੱਲਾਂ ਵਿਚ ਇਹ ਸੇਠ ਭਾਇ 3000 ਦੇ ਰੇਟ ਤੋਂ ਵੀ ਮੁੱਕਰ ਤਾਂ ਨਹੀਂ ਜਾਊ। ਇਸ ਲਈ ਸਭ ਤੋਂ ਪਹਿਲਾਂ ਮੈਂ ਪੇਮੈਂਟ ਕਰਕੇ ਸੈਟ ਆਪਣੀ ਪਤਨੀ ਕੋਲ ਅੱਪੜਦਾ ਕਰਵਾ ਦਿੱਤਾ।

ਇਸ ਪਾਸਿਓਂ ਵਿਹਲਾ ਹੋ ਕੇ ਮੈਂ ਫਿਰ ਸੇਠ ਵੱਲ ਪਰਤਿਆ ਤੇ ਉਸ ਦੇ ਦੁੱਖ ਨੂੰ ਵਿਚਾਰਿਆ। ਮੈਂ ਹੋਮਿਓਪੈਥੀ ਦਾ ਵਾਹਵਾ ਅਧਿਐਨ ਕੀਤਾ ਹੋਇਆ ਸੀ ਤੇ ਤਜਰਬਾ ਵੀ ਕਾਫੀ ਹਾਸਲ ਕਰ ਰੱਖਿਆ ਸੀ। ਇਸ ਗੱਲ ਦਾ ਮੈਨੂੰ ਉਦੋਂ ਵੀ ਫਖਰ ਸੀ ਤੇ ਹੁਣ ਵੀ ਬੜਾ ਫਖਰ ਹੈ। ਲੰਮੇ ਸਮੇਂ ਤੋਂ ਪੰਜਾਬ ਗੌਰਮਿੰਟ ਦੁਆਰਾ ਹੋਮਿਓਪੈਥ ਦੇ ਤੌਰ ਤੇ ਰਜਿਸਟਰਡ ਸਾਂ ਤੇ ਪੜ੍ਹਾਉਣ ਦੇ ਕਾਰਜ ਦੇ ਨਾਲ ਨਾਲ ਪਿਛਲੇ ਪੱਚੀ ਸਾਲਾਂ ਤੋਂ ਹੋਮਿਓਪੈਥੀ ਦੀ ਧਰਮ-ਅਰਥ ਪ੍ਰੈਕਟਿਸ ਵੀ ਕਰਦਾ ਆ ਰਿਹਾ ਸਾਂ। ਕਈ ਧੁਰੰਦਰ ਹੋਮਿਓਪੈਥਾਂ ਤੋਂ ਮੈਂ ਇਹ ਇਲਮ ਸਿੱਖਿਆ ਹੋਇਆ ਸੀ ਤੇ ਕਈਆਂ ਨੂੰ ਸਿਖਾ ਕੇ ਧੁਰੰਦਰ ਬਣਾਇਆ ਸੀ। ਆਪਣੀ ਸਾਧਨਾ ਸਦਕਾ ਮੈਨੂੰ ਪਤਾ ਸੀ ਕਿ ਹੋਮਿਓਪੈਥੀ ਅੱਗੇ ਪੁਰਾਣੇ ਤੋਂ ਪੁਰਾਣਾ ਤੇ ਗੁੱਝੇ ਤੋਂ ਗੁੱਝਾ ਰੋਗ ਵੀ ਸਿਰਦਰਦ ਤੋਂ ਵੱਧ ਹੈਸੀਅਤ ਨਹੀਂ ਰੱਖਦਾ। ਮੈਨੂੰ ਆਪਣੀ 'ਹੱਥ ਦੀ ਸਫਾਈ' ਤੇ ਪੂਰਾ ਮਾਣ ਸੀ ਤੇ ਮੈਂ ਇਸ ਦੀ ਨਿਧੜਕ ਵਰਤੋਂ ਕਰਦਾ ਸਾਂ।

(ਚਲਦਾ)

# ਦੱਖਣੀ ਏਸ਼ੀਆ 'ਚ ਜਮਹੂਰੀਅਤ ਦੀਆਂ ਜੜ੍ਹਾਂ ਡੂੰਘੀਆਂ ਹੋਈਆਂ



ਜੀ. ਪਾਰਥਾਸਾਰਥੀ

ਦੱਖਣੀ ਏਸ਼ੀਆ ਦੇ ਸਾਰੇ ਦੇਸ਼ਾਂ ਵਿਚ ਲੋਕ ਰਾਜ ਦਾ ਸਥਾਪਿਤ ਹੋਣਾ ਅਜਿਹੀ ਅਹਿਮ ਘਟਨਾ ਹੈ, ਜਿਸ ਵੱਲ ਆਲਮੀ ਸਿਆਸਤ ਦਾ ਬਹੁਤਾ ਧਿਆਨ ਨਹੀਂ ਗਿਆ। ਅੱਜ ਦੱਖਣੀ ਏਸ਼ੀਆ ਦੇ ਸਾਰੇ ਮੁਲਕਾਂ ਵਿਚ ਲੋਕਾਂ ਦੀਆਂ ਚੁਣੀਆਂ ਸਰਕਾਰਾਂ ਦੀ ਹਕੂਮਤ ਹੈ। ਨਵੰਬਰ-ਦਸੰਬਰ 2017 ਦੌਰਾਨ ਮਾਓਵਾਦੀਆਂ ਤੇ ਕਮਿਊਨਿਸਟ ਪਾਰਟੀ (ਯੂ ਐਮ ਐਲ) ਦੇ ਗੱਠਜੋੜ ਨੇ ਨੇਪਾਲ ਵਿਚ ਜਿੱਤ ਹਾਸਲ ਕੀਤੀ। ਇਸੇ ਵਰ੍ਹੇ ਭੂਟਾਨ ਵਿਚ ਮਿਥੇ ਮੁਤਾਬਕ ਚੋਣਾਂ ਹੋਈਆਂ, ਜਿਥੇ ਸੂਝਵਾਨ ਰਾਜਸ਼ਾਹੀ ਨੇ ਸਵੈ-ਇੱਛਾ ਨਾਲ ਸੱਤਾ ਚੁਣੀਆਂ ਹੋਈਆਂ ਸਰਕਾਰਾਂ ਹਵਾਲੇ ਕਰ ਦਿੱਤੀ। ਪਾਕਿਸਤਾਨ ਵਿਚ ਵੀ ਹਾਲ ਹੀ 'ਚ ਹਕੂਮਤ ਬਦਲੀ ਹੈ, ਜਦੋਂ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਤਹਿਰੀਕ-ਏ-ਇਨਸਾਫ਼ ਪਾਰਟੀ ਚੋਣਾਂ ਵਿਚ ਜੇਤੂ ਰਹੀ। ਉਂਝ ਇਸ ਗੱਲ ਦੇ ਵੀ ਸਬੂਤ ਸਨ ਕਿ ਤਹਿਰੀਕ ਦੀ ਜਿੱਤ ਦਾ ਰਾਹ ਫ਼ੌਜ ਨੇ ਪੱਧਰਾ ਕੀਤਾ ਸੀ। ਮਾਲਦੀਵ ਵਿਚ ਵੀ ਸਰਕਾਰ 'ਚ ਸਵਾਗਤਯੋਗ ਤਬਦੀਲੀ ਹੋਈ, ਜਿਥੇ ਵਿਰੋਧੀ ਪਾਰਟੀਆਂ ਨੇ ਬੀਤੇ ਸਤੰਬਰ ਦੌਰਾਨ ਹੋਈਆਂ ਚੋਣਾਂ 'ਚ ਮਿਲ ਕੇ ਮਿਠਬੋਲੇ ਆਗੂ ਇਬਰਾਹੀਮ ਸੋਲਿਹ ਨੂੰ ਰਾਸ਼ਟਰਪਤੀ ਨਾਮਜ਼ਦ ਕਰ ਦਿੱਤਾ। ਇਸ ਸਦਕਾ ਰਾਸ਼ਟਰਪਤੀ ਅਬਦੁੱਲਾ ਯਾਮੀਨ ਦੀ ਤਾਨਾਸ਼ਾਹ ਤੇ ਸਾਫ਼ ਤੌਰ 'ਤੇ ਭਾਰਤ ਵਿਰੋਧੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਹੋਣਾ ਪਿਆ।

ਬੰਗਲਾਦੇਸ਼ ਵਿਚ 30 ਦਸੰਬਰ ਨੂੰ ਆਮ ਚੋਣਾਂ ਹੋ ਰਹੀਆਂ ਹਨ। ਇਸ ਤੋਂ ਬਾਅਦ ਅਗਲੇ ਸਾਲ ਅਪਰੈਲ-ਮਈ ਦੌਰਾਨ ਭਾਰਤ ਵਿਚ ਆਮ ਚੋਣਾਂ ਹੋਣਗੀਆਂ। ਅਗਲੇ ਵਰ੍ਹੇ ਹੀ ਅਫ਼ਗਾਨਿਸਤਾਨ ਵਿਚ ਵੀ ਰਾਸ਼ਟਰਪਤੀ ਦੀਆਂ ਚੋਣਾਂ ਹੋਣੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਰਾਸ਼ਟਰਪਤੀ ਅਬਦੁਲ ਗ਼ਨੀ ਅਗਲੇ ਵਰ੍ਹੇ ਚੋਣਾਂ ਕਰਾਉਣ ਲਈ ਦ੍ਰਿੜ੍ਹ ਹੈ ਪਰ ਦੂਜੇ ਪਾਸੇ ਟਰੰਪ ਪ੍ਰਸ਼ਾਸਨ ਮਹਿਜ਼ ਸੰਵਿਧਾਨਿਕ ਤੌਰ 'ਤੇ ਹੋਣ ਵਾਲੀਆਂ ਚੋਣਾਂ ਦੀ ਹਮਾਇਤ ਕਰਨ ਦੀ ਥਾਂ ਅਜਿਹੀ ਸਰਕਾਰ ਉਤੇ ਭਰੋਸਾ ਕਰਨ ਨੂੰ ਤਰਜੀਹ ਦਿੰਦਾ ਜਾਪਦਾ ਹੈ, ਜਿਸ ਵਿਚ ਤਾਲਿਬਾਨ ਦੀ ਭਾਈਵਾਲੀ ਹੋਵੇ, ਤਾਂ ਕਿ ਮੁਲਕ ਵਿਚੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਛੇਤੀ ਹੋ ਸਕੇ। ਉਧਰ ਸ੍ਰੀਲੰਕਾ ਵਿਚ ਚੱਲੇ ਜ਼ੋਰਦਾਰ ਸਿਆਸੀ ਘਟਨਾਚੱਕਰ ਦੌਰਾਨ ਰਾਸ਼ਟਰਪਤੀ ਮੈਤਰੀਪਾਲਾ ਸ੍ਰੀਸੇਨਾ ਵੱਲੋਂ ਆਪਹੁਦਰੇ ਢੰਗ ਨਾਲ ਸਰਕਾਰ ਬਰਖ਼ਾਸਤ ਕਰ ਕੇ ਸੰਸਦ ਭੰਗ ਕਰ ਦਿੱਤੇ ਜਾਣ ਤੋਂ ਬਾਅਦ ਮੁਲਕ ਦੀ ਨਿਆਂਪਾਲਿਕਾ ਨੇ ਆਪਣੀ ਸੰਵਿਧਾਨਿਕ ਅਧਾਰਿਟੀ ਨੂੰ ਲਾਗੂ ਕੀਤਾ, ਜਿਸ ਸਦਕਾ ਸ੍ਰੀਲੰਕਾ ਦੀ ਨਾ ਸਿਰਫ਼ ਚੁਣੀ ਹੋਈ ਸਰਕਾਰ ਸਗੋਂ ਸੰਸਦ ਵੀ ਬਹਾਲ ਹੋ ਗਈ। ਸ੍ਰੀਲੰਕਾ ਵਿਚ ਰਾਸ਼ਟਰਪਤੀ ਤੇ ਸੰਸਦ ਦੀਆਂ ਚੋਣਾਂ 2020 ਵਿਚ ਹੋਣੀਆਂ ਹਨ। ਉਂਝ, ਰਾਸ਼ਟਰਪਤੀ ਸ੍ਰੀਸੇਨਾ ਤੇ ਪ੍ਰਧਾਨ ਮੰਤਰੀ ਰਾਨਿਲ ਵਿਕਰਮਾਸਿੰਘੇ ਦਰਮਿਆਨ ਜਾਰੀ ਨਿਜੀ ਤੇ ਨੀਤੀ ਮਤਭੇਦਾਂ ਦੇ ਮੱਦੇਨਜ਼ਰ ਇਹ ਟਾਪੂ ਮੁਲਕ ਆਗਾਮੀ ਮਹੀਨਿਆਂ ਦੌਰਾਨ ਸਿਆਸੀ ਤੇ ਮਾਲੀ ਤੌਰ 'ਤੇ ਬੇਯਕੀਨੀ ਵਾਲੀ ਸਥਿਤੀ ਵੱਲ ਵਧਦਾ ਜਾਪਦਾ ਹੈ।

ਭਾਰਤ ਵਿਚ ਮੀਡੀਆ ਦਾ ਧਿਆਨ ਮਾਲਦੀਵ ਤੇ ਸ੍ਰੀਲੰਕਾ ਦੀਆਂ ਹਾਲੀਆ ਘਟਨਾਵਾਂ ਵੱਲ ਲੱਗਾ ਰਿਹਾ, ਪਰ ਬੰਗਲਾਦੇਸ਼ ਦੀਆਂ 30 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਦੇ ਨਤੀਜਿਆਂ ਦਾ ਵੀ ਦੱਖਣੀ ਏਸ਼ੀਆ ਦੇ ਘਟਨਾਚੱਕਰ ਉਤੇ ਖ਼ਾਸਾ ਅਸਰ ਪਵੇਗਾ। ਬੰਗਲਾਦੇਸ਼ ਦੀਆਂ ਚੋਣਾਂ ਦੇ ਨਤੀਜੇ ਭਾਰਤ ਦੇ ਉੱਤਰ-ਪੂਰਬ ਦੇ ਸੁਰੱਖਿਆ ਹਾਲਾਤ ਉਤੇ ਡੂੰਘਾ ਅਸਰ ਪਾਉਣਗੇ। ਇਹ ਨਤੀਜੇ ਯਕੀਨਨ ਬੰਗਲਾਦੇਸ਼ ਵਿਚੋਂ ਕੰਮ ਕਰਦੇ ਦਹਿਸ਼ਤੀ ਗਰੁੱਪਾਂ ਦੀ ਭਾਰਤ ਵਿਚ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਦੇ ਢਾਂਚੇ ਉਤੇ ਅਸਰਦਾਰ ਹੋਣਗੇ। ਬੀਤੇ ਦਹਾਕੇ ਦੌਰਾਨ ਭਾਰਤ ਦੇ ਬੰਗਲਾਦੇਸ਼ ਨਾਲ ਰਿਸ਼ਤਿਆਂ ਵਿਚ ਭਾਰੀ ਸੁਧਾਰ ਹੋਇਆ ਹੈ, ਜਿਸ ਦਾ ਸਿਹਰਾ ਸ਼ੇਖ਼ ਹਸੀਨਾ ਦੀ ਅਗਵਾਈ ਵਾਲੀ ਅਵਾਮੀ ਲੀਗ ਦੀ ਸਰਕਾਰ ਦੇ ਸਹਿਯੋਗ ਤੇ ਆਪਸੀ ਸਮਝ ਨੂੰ ਜਾਂਦਾ ਹੈ।



ਪਿਛਲੇ ਦਹਾਕੇ ਦੌਰਾਨ ਭਾਰਤ ਅਤੇ ਬੰਗਲਾਦੇਸ਼ ਦੀ ਸਰਹੱਦ ਦੀ ਨਿਸ਼ਾਨਦੇਹੀ ਦੇ ਲੰਬੇ ਸਮੇਂ ਤੋਂ ਲਟਕ ਰਹੇ ਮਸਲੇ ਦੇ ਹੱਲ ਪ੍ਰਤੀ ਵਚਨਬੱਧਤਾ ਦਿਖਾਈ ਦਿੱਤੀ ਅਤੇ ਇਕ-ਦੂਜੇ ਦੇ ਖੇਤਰ ਵਿਚ ਰਲਗੱਡ ਹੋਏ ਛੋਟੇ-ਛੋਟੇ ਇਲਾਕਿਆਂ (ਐਨਕਲੇਵਜ਼) ਦਾ ਵਟਾਂਦਰਾ ਕੀਤਾ ਗਿਆ, ਜਿਹੜਾ 2016 ਵਿਚ ਸਿਰੇ ਚੜ੍ਹਿਆ। ਇਸੇ ਤਰ੍ਹਾਂ ਬੰਗਲਾਦੇਸ਼ ਨਾਲ ਸਮੁੰਦਰੀ ਸਰਹੱਦ ਦੀ ਨਿਸ਼ਾਨਦੇਹੀ ਮੁਕੰਮਲ ਕੀਤੀ ਗਈ, ਜਿਸ ਦੌਰਾਨ ਸੰਯੁਕਤ ਰਾਸ਼ਟਰ (ਯੂਐਨ) ਦੇ ਟ੍ਰਿਬਿਊਨਲ ਨੇ ਬੰਗਾਲ ਦੀ ਖਾੜੀ ਵਿਚਲੇ ਵਿਵਾਦਗ੍ਰਸਤ 25602 ਵਰਗ ਕਿਲੋਮੀਟਰ ਸਮੁੰਦਰੀ ਇਲਾਕੇ ਵਿਚੋਂ 19467 ਵਰਗ ਕਿਲੋਮੀਟਰ ਬੰਗਲਾਦੇਸ਼ ਨੂੰ ਦੇ ਦਿੱਤਾ। ਸ਼ੇਖ਼ ਹਸੀਨਾ ਦੀ ਹਕੂਮਤ ਦੀਆਂ ਦੋ ਮਿਆਦਾਂ ਦੌਰਾਨ ਹਾਲੀਆਂ ਸਾਲਾਂ 'ਚ ਦੋਵਾਂ ਮੁਲਕਾਂ ਦਰਮਿਆਨ ਦਹਿਸ਼ਤਗਰਦੀ-ਰੋਕੂ ਸਹਿਯੋਗ ਵੀ ਸ਼ਾਨਦਾਰ ਢੰਗ ਨਾਲ ਵਧਿਆ। ਇਸ ਸਹਿਯੋਗ ਤਹਿਤ ਭਾਰਤੀ ਵੱਖਵਾਦੀ ਗਰੁੱਪਾਂ ਖ਼ਿਲਾਫ਼ ਸਖ਼ਤ ਕਾਰਵਾਈ ਵੀ ਕੀਤੀ ਗਈ, ਜਦੋਂਕਿ ਇਸ ਤੋਂ ਪਹਿਲਾਂ ਖ਼ਾਲਿਦਾ ਜ਼ਿਆ ਤੇ ਉਨ੍ਹਾਂ ਦੀ ਬੰਗਲਾਦੇਸ਼ ਨੈਸ਼ਨਲ ਪਾਰਟੀ (ਬੀਐਨਪੀ) ਦੀ ਹਕੂਮਤ ਦੌਰਾਨ ਪਾਕਿਸਤਾਨ ਦੀ ਸਰਗਰਮ ਸ਼ਮੂਲੀਅਤ ਨਾਲ ਬੰਗਲਾਦੇਸ਼ ਅਜਿਹੇ ਭਾਰਤ ਵਿਰੋਧੀ ਗਰੁੱਪਾਂ ਲਈ ਸਵਰਗ ਬਣਿਆ ਹੋਇਆ ਸੀ। ਭਾਰਤ ਅਤੇ ਬੰਗਲਾਦੇਸ਼ ਦੋਵਾਂ ਨੇ ਇਸਲਾਮਾਬਾਦ ਵਿਚ ਹੋਏ ਸਾਰਕ ਸਿਖਰ ਸੰਮੇਲਨ ਵਿਚ ਹਿੱਸਾ ਨਾ ਲੈਣ ਦੇ ਫ਼ੈਸਲਿਆਂ ਵਰਗੇ ਕਦਮਾਂ ਰਾਹੀਂ ਵੀ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦੀ ਖ਼ਿਲਾਫ਼ ਸਖ਼ਤ ਤੇ ਸਾਂਝੀ ਕਾਰਵਾਈ ਕੀਤੀ।

ਹਾਲੀਆ ਸਾਲਾਂ ਦੌਰਾਨ ਬੰਗਲਾਦੇਸ਼ ਨਾਲ ਭਾਰਤ ਦੇ ਆਰਥਿਕ ਸਹਿਯੋਗ ਵਿਚ ਵੀ ਨਿੱਗਰ ਵਾਧਾ ਹੋਇਆ ਹੈ। ਇਸ ਪੱਖੋਂ ਭਾਰਤ ਵੱਲੋਂ ਬੰਗਲਾਦੇਸ਼ ਨੂੰ 3600 ਮੈਗਾਵਾਟ ਬਿਜਲੀ ਸਪਲਾਈ ਦੇ ਪਣ ਤੇ ਤਾਪ ਬਿਜਲੀ ਪ੍ਰਾਜੈਕਟ ਪ੍ਰਮੁੱਖ ਹਨ। ਨਾਲ ਹੀ ਸੜਕ ਤੇ ਰੇਲ ਸੰਪਰਕ ਵਿਚ ਵੀ ਚੋਖਾ ਵਾਧਾ ਹੋਇਆ। ਇੰਨਾ ਹੀ ਨਹੀਂ, ਬੀਬੀ ਸ਼ੇਖ਼ ਹਸੀਨਾ ਦੀ ਅਗਵਾਈ ਹੇਠ ਬੰਗਲਾਦੇਸ਼ ਨੇ ਆਰਥਿਕ ਵਿਕਾਸ ਦੇ ਕਈ ਨਵੇਂ ਮੀਲ ਪੱਥਰ ਗੱਡੇ। ਮੁਲਕ ਦੀ ਪ੍ਰਤੀ ਵਿਅਕਤੀ ਆਮਦਨ ਵਿਚ ਤਿੰਨ ਗੁਣਾ ਤੱਕ ਵਧੀ ਤੇ ਗ਼ਰੀਬੀ ਦੀ ਲਕੀਰ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਗਿਣਤੀ ਵਿਚ ਵੀ ਭਾਰੀ ਕਮੀ ਆਈ। ਇਹ ਆਬਾਦੀ 19 ਫ਼ੀਸਦੀ ਤੋਂ ਘਟ ਕੇ 9 ਫ਼ੀਸਦੀ ਰਹਿ ਗਈ ਹੈ। ਬੰਗਲਾਦੇਸ਼ ਨੂੰ ਹੁਣ ਹਰਗਿਜ਼ 'ਸਭ ਤੋਂ ਘੱਟ ਵਿਕਸਿਤ ਮੁਲਕ' ਨਹੀਂ ਆਖਿਆ ਜਾ ਸਕਦਾ। ਮੁਲਕ ਦੀ ਜ਼ੋਰਦਾਰ ਕੱਪੜਾ ਸਨਅਤ ਅਤੇ ਨਾਲ ਹੀ ਫਾਰਮਾਸਿਊਟੀਕਲਜ਼ ਤੇ ਆਈਟੀ ਦੇ ਖੇਤਰਾਂ ਵਿਚ ਵਾਧੇ ਲਈ ਚੁੱਕੇ ਗਏ ਕਦਮਾਂ ਨੇ ਸ਼ੇਖ਼ ਹਸੀਨਾ ਦੇ ਇਸ ਭਰੋਸੇ ਨੂੰ ਮਜ਼ਬੂਤ ਕੀਤਾ ਕਿ ਉਨ੍ਹਾਂ ਦਾ ਮੁਲਕ ਛੇਤੀ ਹੀ ਨੌਂ ਫ਼ੀਸਦੀ ਤੱਕ ਦੀ ਵਿਕਾਸ ਦਰ ਹਾਸਲ ਕਰ ਸਕਦਾ ਹੈ।

ਸ਼ੇਖ਼ ਹਸੀਨਾ ਨੇ ਆਪਣੀ ਵਿਰੋਧੀ ਬੇਗਮ ਖ਼ਾਲਿਦਾ ਜ਼ਿਆ ਤੇ ਉਨ੍ਹਾਂ ਦੀ ਪਾਰਟੀ ਬੀਐਨਪੀ ਨੂੰ ਬਹੁਤ ਪਿੱਛੇ ਧੱਕ ਦਿੱਤਾ ਹੈ। ਇਸ ਦੇ ਨਾਲ ਹੀ ਖ਼ਤਰਨਾਕ ਜਮਾਤ-ਏ-ਇਸਲਾਮੀ ਦੇ ਚੋਣਾਂ ਲੜਨ ਉਤੇ ਪਾਬੰਦੀ ਲਾ ਦਿੱਤੀ ਹੈ। ਬੇਗਮ ਖ਼ਾਲਿਦਾ ਇਸ ਸਮੇਂ ਜੇਲ੍ਹ ਵਿਚ ਹੈ, ਜਿਸ ਨੂੰ ਭ੍ਰਿਸ਼ਟਾਚਾਰ ਦੀ ਦੋਸ਼ੀ ਕਰਾਰ ਦਿੱਤਾ ਗਿਆ ਹੈ। ਉਂਝ ਸ਼ੇਖ਼ ਹਸੀਨਾ ਉਤੇ ਲੱਗੇ ਤਾਨਾਸ਼ਾਹੀ ਵਾਲੇ ਰਵੱਈਏ ਦੇ ਦੋਸ਼ਾਂ ਦੇ ਸਿੱਟੇ ਵਜੋਂ ਵਿਰੋਧੀ ਧਿਰ ਇਕਮੁੱਠ ਹੋ ਗਈ ਹੈ। ਇਸ ਦਾ ਬੰਨ੍ਹਣ ਬਜ਼ੁਰਗ ਆਗੂ ਡਾ. ਕਮਾਲ ਹੁਸੈਨ ਨੇ ਬੰਨ੍ਹਿਆ, ਜਿਸ ਨੇ ਬੰਗਲਾਦੇਸ਼ ਦੀ ਆਜ਼ਾਦੀ ਵਿਚ ਮੋਹਰੀ ਕਿਰਦਾਰ ਨਿਭਾਇਆ ਸੀ ਤੇ ਉਹ ਸ਼ੇਖ਼ ਮੁਜੀਬੁਰ ਰਹਿਮਾਨ ਦਾ ਕਰੀਬੀ ਰਹਿ ਚੁੱਕਾ ਹੈ। ਵਿਰੋਧੀ ਪਾਰਟੀਆਂ, ਸਮੇਤ ਬੇਗਮ ਖ਼ਾਲਿਦਾ ਜ਼ਿਆ ਦੀ ਬੀਐਨਪੀ ਅਤੇ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਦੇ ਮੈਂਬਰ ਵਿਰੋਧੀ ਗੱਠਜੋੜ ਵਿਚ ਸ਼ਾਮਲ ਹਨ। ਆਮ ਚੋਣਾਂ ਮੌਕੇ ਬਣੇ ਇਸ ਗੱਠਜੋੜ ਨੂੰ ਜਾਤਿਆ ਓਇਕਿਆ ਫਰੰਟ (ਕੌਮੀ ਏਕਤਾ ਮੋਰਚਾ) ਦਾ ਨਾਂ ਦਿੱਤਾ ਗਿਆ ਹੈ। ਪਾਕਿਸਤਾਨ ਦੇ ਬੀਐਨਪੀ ਤੇ ਜਮਾਤ ਨਾਲ ਕਰੀਬੀ ਰਿਸ਼ਤੇ ਰਹੇ ਹਨ, ਤਾਂ ਕਿ ਇਹ ਅਵਾਮੀ ਲੀਗ ਨੂੰ ਠੱਲ੍ਹ ਸਕੇ। ਗ਼ੌਰਤਲਬ ਹੈ ਕਿ ਬੀਐਨਪੀ ਦੀ ਹਕੂਮਤ ਦੌਰਾਨ ਢਾਕਾ ਇਕ ਤਰ੍ਹਾਂ ਭਾਰਤ ਖ਼ਿਲਾਫ਼ ਸਰਗਰਮੀਆਂ ਲਈ ਆਈਐਸਆਈ ਦਾ ਗੜ੍ਹ ਬਣ ਗਿਆ ਸੀ। ਚੀਨੀ ਸਹਿਯੋਗ ਦਾ ਵੀ ਸ਼ੇਖ਼ ਹਸੀਨਾ ਨੇ ਸਵਾਗਤ ਕੀਤਾ ਹੈ, ਜਿਸ ਵਿਚ ਪ੍ਰਮੁੱਖ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਲਈ ਚੀਨੀ ਸਹਾਇਤਾ ਸ਼ਾਮਲ ਹੈ। ਚੀਨ ਨੇ ਬੰਗਲਾਦੇਸ਼ ਨੂੰ 38

(ਬਾਕੀ ਸਫਾ 22 'ਤੇ)

# ਚੋਣ ਨਤੀਜੇ- ਭਾਜਪਾ ਦੇ ਅਜੇਤੂ ਹੋਣ ਦਾ ਭਰਮ ਟੁੱਟਿਆ

ਰਾਜੇਸ਼ ਰਾਮਾਚੰਦਰਨ

ਸੈਮੀਫਾਈਨਲ ਖਤਮ ਹੋ ਗਿਆ ਹੈ ਤੇ ਨਤੀਜਾ ਬਿਲਕੁਲ ਸਾਫ਼ ਤੇ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਹਿੰਦੀ ਭਾਸ਼ੀ ਖੇਤਰ ਦੇ ਹਿਰਦੈ ਸਮਰਾਟ ਨਹੀਂ ਰਹੇ। ਰਾਹੁਲ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਨੇ ਅਚਨਚੇਤ 3-0 ਨਾਲ ਇਹ ਬਾਜ਼ੀ ਜਿੱਤ ਕੇ ਸਾਬਿਤ ਕਰ ਦਿੱਤਾ ਹੈ ਕਿ ਪਿਛਲੇ 15 ਸਾਲਾਂ ਤੋਂ ਕਾਂਗਰਸ ਦਾ ਜਥੇਬੰਦਕ ਢਾਂਚਾ ਭਾਵੇਂ ਬੇਹਿੱਸ ਹੋਇਆ ਪਿਆ ਸੀ, ਇਸ ਦੇ ਬਾਵਜੂਦ ਪਾਰਟੀ ਕੇਂਦਰ ਅਤੇ ਰਾਜਾਂ ਵਿਚ ਵੀ ਭਾਜਪਾ ਸਰਕਾਰ ਅਤੇ ਜ਼ਮੀਨੀ ਪੱਧਰ 'ਤੇ ਮਜ਼ਬੂਤ ਸੰਘ ਪਰਿਵਾਰ ਦੇ ਕੇਡਰ ਦਾ ਅਸਰਦਾਰ ਢੰਗ ਨਾਲ ਟਾਕਰਾ ਕਰ ਸਕਦੀ ਹੈ। 'ਪੰਨਾ ਪ੍ਰਮੁਖ' ਅਤੇ 'ਵੱਟਸਐਪ ਪ੍ਰਮੁਖ' ਭਾਵੇਂ ਕਿਸੇ ਵੀ ਹੱਦ ਤੱਕ ਚਲੇ ਜਾਣ ਪਰ ਆਖਰੀ ਪਲਾਂ 'ਤੇ ਜਦੋਂ ਬੁਰਿਆਂ 'ਚੋਂ ਘੱਟ ਬੁਰੇ ਦੀ ਚੋਣ ਕਰਨ ਲਈ ਵੋਟਰ ਜਾਂਦਾ ਹੈ ਤਾਂ ਉਹ ਇਕੱਲਾ ਹੁੰਦਾ ਹੈ।

ਰਾਹੁਲ ਗਾਂਧੀ ਦੀ ਇਸੇ ਗੱਲ ਨੇ ਕਾਂਗਰਸ ਵਿਚ ਜਾਨ ਫੂਕਣ ਦਾ ਕੰਮ ਕੀਤਾ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਦੇ ਜੱਦੀ ਸੂਬੇ ਗੁਜਰਾਤ ਵਿਚ ਮੰਦਰ ਮੰਦਰ ਘੁੰਮਣ ਅਤੇ ਫਿਰ ਅਸੈਂਬਲੀ ਚੋਣਾਂ ਵਿਚ 12 ਕੁ ਸੀਟਾਂ ਦੇ ਫ਼ਰਕ ਨਾਲ ਫਸਵੀਂ ਟੱਕਰ ਦੇਣ ਤੋਂ ਬਾਅਦ ਹੀ ਕਾਂਗਰਸ ਨੇ ਬਿਨਾਂ ਸ਼ੱਕ ਇਹ ਦਿਖਾ ਦਿੱਤਾ ਸੀ ਕਿ ਇਹ ਭਾਜਪਾ ਨੂੰ ਉਸ ਦੇ ਗੜ੍ਹ ਵਿਚ ਵੀ ਪਸੀਨੇ ਲਿਆਉਣ ਦਾ ਮਾਦਾ ਰੱਖਦੀ ਹੈ। ਮੰਗਲਵਾਰ ਨੂੰ ਆਏ ਚੋਣ ਨਤੀਜੇ ਕਾਂਗਰਸ ਦੀ ਸੁਰਜੀਤੀ ਦੇ ਉਸ ਅਮਲ ਦਾ ਤਾਰਕਿਕ ਪਰਿਣਾਮ ਹੀ ਹਨ ਜੋ ਗੁਜਰਾਤ ਤੋਂ ਸ਼ੁਰੂ ਹੋਇਆ ਸੀ। 2014 ਦੀਆਂ ਚੋਣਾਂ ਵਿਚ ਭਾਜਪਾ ਨੇ ਪੂਰਬ ਵਿਚ ਬਿਹਾਰ ਤੇ ਪੱਛਮ ਵਿਚ ਗੁਜਰਾਤ ਤੱਕ ਜਿੱਤ ਦਾ ਪਰਚਮ ਲਹਿਰਾਇਆ ਸੀ ਤੇ ਗਊ ਪੱਟੀ ਵਿਚ ਤਾਂ ਇਸ ਨੇ 90 ਫ਼ੀਸਦ ਸੀਟਾਂ ਹਾਸਲ ਕੀਤੀਆਂ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਫੌਰੀ ਬਾਅਦ ਮੋਦੀ ਲਹਿਰ ਉੱਤਰ ਪ੍ਰਦੇਸ਼ ਵਿਚ ਸੁਨਾਮੀ ਦਾ ਰੂਪ ਧਾਰ ਗਈ ਸੀ ਅਤੇ 403 ਮੈਂਬਰੀ ਸਦਨ ਵਿਚ ਪਾਰਟੀ ਨੇ 312 ਸੀਟਾਂ ਜਿੱਤੀਆਂ ਸਨ। ਹੁਣ ਉਹ ਲਹਿਰ ਪਿਛਾਂਹ ਮੁੜ ਰਹੀ ਹੈ ਅਤੇ ਖੇਤੀਬਾੜੀ ਸੰਕਟ, ਸ਼ਾਸਨ ਦੀ ਨਾਕਾਮੀ, ਬੇਰੁਜ਼ਗਾਰੀ ਜਿਹੇ ਵੱਖ ਵੱਖ ਮੁੱਦਿਆਂ ਦੇ ਆਧਾਰ 'ਤੇ ਚੁਣਾਵੀ ਲੜਾਈ ਹੋ ਰਹੀ ਹੈ।

ਇਸ ਮੋੜੇ ਨਾਲ ਚਾਰ ਮਹੀਨੇ ਬਾਅਦ ਹੋਣ ਵਾਲੀਆਂ ਅਗਲੀਆਂ ਲੋਕ ਸਭਾ ਚੋਣਾਂ ਵਿਚ ਫ਼ਸਵੀ ਟੱਕਰ ਹੁੰਦੀ ਜਾਪਦੀ ਹੈ। 2014 ਵਿਚ ਭਾਜਪਾ ਨੇ ਮੱਧ ਪ੍ਰਦੇਸ਼ ਦੀਆਂ 29 ਵਿਚੋਂ 27 ਸੀਟਾਂ, ਰਾਜਸਥਾਨ ਵਿਚ ਸਾਰੀਆਂ 25 ਸੀਟਾਂ ਅਤੇ ਛੱਤੀਸਗੜ੍ਹ ਦੀਆਂ 11 ਵਿਚੋਂ 10 ਸੀਟਾਂ ਜਿੱਤੀਆਂ ਸਨ। 2019 ਦੀਆਂ ਚੋਣਾਂ ਤੋਂ ਪਹਿਲਾਂ ਝਾਤੀ ਮਾਰਨ 'ਤੇ ਸਿੱਧੀ ਲੜਾਈ ਵਾਲੇ ਸੂਬਿਆਂ ਵਿਚ ਪਾਸਾ ਕਿਸੇ ਪਾਸੇ ਵੀ ਝੁਕ ਸਕਦਾ ਹੈ, ਤੇ ਅਚਾਨਕ ਹੀ ਕਾਂਗਰਸ, ਵਿਰੋਧੀ ਧਿਰ ਦੇ ਮੁਹਾਜ਼ ਦੀ ਅਗਵਾਈ ਕਰਨ ਦਾ ਟਿਕਾਊ ਬਦਲ ਬਣ ਕੇ ਉੱਭਰੀ ਹੈ। ਇਨ੍ਹਾਂ ਚੋਣ ਨਤੀਜਿਆਂ ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ, ਰਾਸ਼ਟਰੀ ਜਨਤਾ ਦਲ, ਡੀ ਐਮ ਕੇ, ਤ੍ਰਿਣਮੂਲ ਕਾਂਗਰਸ ਜਿਹੀਆਂ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਕਦਮ-ਤਾਲ ਲਈ ਹੌਸਲਾ ਬਖ਼ਸ਼ਿਆ ਹੈ ਅਤੇ ਨਾਲ ਹੀ ਮਾਇਆਵਤੀ ਤੇ ਅਖਿਲੇਸ਼ ਯਾਦਵ ਨੂੰ ਨਵੇਂ ਸਿਰਿਓਂ ਲੇਖਾ ਜੋਖਾ ਕਰਨਾ ਪਿਆ ਹੈ। ਰਾਹੁਲ ਗਾਂਧੀ ਨੇ ਜਿਵੇਂ ਪੰਜਾਬ ਵਿਚ ਵਾਂਗਡੋਰ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਵਿਚ ਸੌਂਪੀ ਸੀ, ਉਵੇਂ ਹੀ ਮੱਧ ਪ੍ਰਦੇਸ਼ ਵਿਚ ਚੋਣ ਮੁਹਿੰਮ ਦੀ ਕਮਾਨ ਦੀ ਅਗਵਾਈ ਤੇ ਚੋਣਾਂ ਲਈ ਫ਼ੰਡ ਜੁਟਾਉਣ ਦਾ ਜ਼ਿੰਮਾ ਕਮਲ ਨਾਥ ਨੂੰ ਸੌਂਪਣ ਦੇ ਫੈਸਲਾਕੁਨ ਕਦਮ ਨਾਲ ਫਸਵੀ ਲੜਾਈ ਵਿਚ ਕਾਂਗਰਸ ਜੇਤੂ ਹੋ ਕੇ ਨਿੱਕਲੀ ਹੈ। ਅਸ਼ੋਕ ਗਹਿਲੋਤ ਵਰਗੇ ਘਾਗ ਰਣਨੀਤੀਕਾਰ ਦੀਆਂ ਸੇਵਾਵਾਂ ਦੀ ਘਾਟ ਰਾਹੁਲ ਗਾਂਧੀ ਨੂੰ ਪਹਿਲਾਂ ਕਾਫ਼ੀ ਰੜਕਦੀ ਰਹੀ ਸੀ। ਗੁਜਰਾਤ ਚੋਣਾਂ ਨੇ ਇਹ ਖੱਪਾ ਭਰ ਦਿੱਤਾ ਸੀ। ਹੁਣ ਬਹਿਸ ਦਾ ਮੁੱਦਾ ਇਹ ਨਹੀਂ ਕਿ, ਕੀ ਗਹਿਲੋਤ ਰਾਜਸਥਾਨ ਵਿਚ ਸਰਕਾਰ ਦੀ ਅਗਵਾਈ ਕਰਦੇ ਹਨ ਜਾਂ ਰਾਹੁਲ ਗਾਂਧੀ ਦੇ ਸਿਆਸੀ ਸਕੱਤਰ ਬਣਦੇ ਹਨ। ਅਹਿਮ ਗੱਲ ਤਾਂ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਰਾਹੁਲ ਨੇ ਤਜਰਬੇਕਾਰ ਪਾਰਟੀ ਆਗੂਆਂ ਦੀ ਅਹਿਮੀਅਤ ਪਛਾਣੀ ਹੈ ਤਾਂ ਕਿ ਚੋਣ ਮੁਹਿੰਮਾਂ ਦੀ ਸੁਚੱਜੀ ਯੋਜਨਾਬੰਦੀ, ਫ਼ੰਡਾਂ ਦਾ ਪ੍ਰਬੰਧ ਤੇ ਅਮਲਦਾਰੀ ਨੂੰ ਅੰਤਮ ਰੂਪ ਦਿੱਤਾ ਜਾ ਸਕੇ।



ਛੱਤੀਸਗੜ੍ਹ ਵਿਚ ਭਾਜਪਾ ਦਾ ਸਫ਼ਾਇਆ ਅਤੇ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਸਪੱਸ਼ਟ ਹਾਰ ਦਾ ਠੀਕਰਾ ਸੱਤਾ-ਵਿਰੋਧੀ ਭਾਵਨਾ ਦੇ ਸਿਰ ਆਸਾਨੀ ਨਾਲ ਭੰਨਿਆ ਜਾ ਸਕਦਾ ਹੈ। ਮਿਜ਼ੋਰਮ ਵਿਚ ਕਾਂਗਰਸ ਨੇ ਵੀ ਮਿਜ਼ੋ ਨੈਸ਼ਨਲ ਫ਼ਰੰਟ ਹੱਥੋਂ ਸਿਕਸ਼ਤ ਖਾ ਕੇ ਉੱਤਰ ਪੂਰਬ ਵਿਚ ਬਚੀ ਆਪਣੀ ਅੰਤਮ ਸਰਕਾਰ ਗੁਆ ਲਈ ਹੈ। ਸੱਤਾ-ਵਿਰੋਧੀ ਭਾਵਨਾ ਦਾ ਕਾਰਨ ਵੀ ਖ਼ੂਬ ਜਚਦਾ ਹੈ ਅਤੇ ਉਂਝ ਵੀ ਇਹ ਜਮਹੂਰੀ ਅਮਲ ਦਾ ਹੀ ਹਿੱਸਾ ਜਾਪਦਾ ਹੈ। ਹਾਲਾਂਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਮੁਹਿੰਮਬਾਜ਼ ਦੇ ਤੌਰ 'ਤੇ ਮੋਦੀ ਦਾ ਅਕਸ ਸਾਰੇ ਮੁਕਾਮੀ ਮੁੱਦਿਆਂ 'ਤੇ ਭਾਰੀ ਪੈਂਦਾ ਰਿਹਾ ਹੈ ਤੇ ਨਾਲ ਹੀ ਅਮਿਤ ਸ਼ਾਹ ਦੀ ਚੁਣਾਵੀ ਮਸ਼ੀਨ ਤੋਂ ਤਵੱਕੋ ਕੀਤੀ ਰਹੀ ਹੈ ਕਿ ਇਹ ਚੋਣ-ਦਰ-ਚੋਣ ਜਿੱਤਣ ਦੇ ਹਰ ਨਿੱਕੇ ਵੱਡੇ ਸਾਰੇ ਸੂਤਰਾਂ ਦੀ ਗਿਆਤਾ ਹੈ। ਜਿੱਤ ਦਾ ਰੱਥ ਹੁਣ ਡੱਕ ਦਿੱਤਾ ਗਿਆ ਹੈ ਤੇ ਇਸ ਦੇ ਅਜੇਤੂ ਹੋਣ ਦਾ ਭਰਮ ਵੀ ਟੁੱਟ ਗਿਆ ਹੈ।

ਦਸ ਸਾਲਾ ਭ੍ਰਿਸ਼ਟਾਚਾਰ, ਅਕੁਸ਼ਲਤਾ, ਕੁਨਬਾਪਰਵਰੀ ਤੇ ਵੰਸ਼ਵਾਦੀ ਸ਼ਾਸਨ ਦੀ ਗਾਥਾ ਤੋਂ ਬਾਅਦ ਮੋਦੀ ਉਮੀਦ ਅਤੇ ਤਬਦੀਲੀ ਦੀ ਕਿਰਨ ਬਣ ਕੇ ਉਭਰਿਆ ਸੀ। ਨੋਟਬੰਦੀ ਤੋਂ ਬਾਅਦ ਵੀ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਮੋਦੀ ਲਹਿਰ ਪ੍ਰਚੰਡ ਹੀ ਹੋਈ ਸੀ, ਕਿਉਂਕਿ ਅਕਸਰ ਨਪੀੜੇ ਤੇ ਸਤਾਏ ਜਾਂਦੇ ਗ਼ਰੀਬ ਵੋਟਰਾਂ ਨੂੰ ਵੀ ਜਾਪਦਾ ਸੀ ਕਿ ਹੁਣ ਭ੍ਰਿਸ਼ਟਾਚਾਰੀਆਂ ਨੂੰ ਕਾਬੂ ਕਰਨ ਵਾਲਾ ਤੇ ਕਾਲੇ ਧਨ ਨੂੰ ਸਫ਼ੈਦ ਬਣਾਉਣ ਵਾਲਾ ਕੋਈ ਆਗੂ ਆਇਆ ਹੈ; ਉਹ ਭਾਵੇਂ ਪੂਰੀ ਤਰ੍ਹਾਂ ਸਫ਼ਲ ਨਾ ਵੀ ਹੋ ਸਕੇ ਪਰ ਤਾਂ ਵੀ ਉਹ ਕੋਸ਼ਿਸ਼ਾਂ ਤਾਂ ਕਰ ਹੀ ਰਿਹਾ ਹੈ। ਹੁਣ ਮੋਦੀ ਰਾਜ ਦੇ ਸਾਢੇ ਚਾਰ ਸਾਲਾਂ ਬਾਅਦ ਹਿੰਦੀ ਭਾਸ਼ੀ ਰਾਜਾਂ ਦੇ ਉਨ੍ਹਾਂ ਲੋਕਾਂ ਨੂੰ ਹੀ ਇਨ੍ਹਾਂ ਵਾਅਦਿਆਂ, ਜੁਮਲਿਆਂ, ਲਫ਼ਾਜ਼ੀ ਤੇ ਇਰਾਦਿਆਂ ਦੀ ਅਸਲੀਅਤ ਸਮਝ ਆ ਗਈ ਹੈ। ਲੋਕਾਂ ਦੀ ਖਾਹਸ਼ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਬਿਹਤਰ ਬਣ ਸਕੇ।

ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਦਾ ਹਮੇਸ਼ਾ ਇਹੋ ਜਿਹਾ ਅਕਸ ਸਾਹਮਣੇ ਆਉਂਦਾ ਰਿਹਾ ਹੈ ਜੋ ਲੋਕਾਂ ਅੰਦਰ ਧਰੁਵੀਕਰਨ ਕਰਦਾ ਹੈ ਪਰ ਕੌਮੀ ਪੱਧਰ 'ਤੇ ਉਹ ਆਪਣੀ ਆਧੁਨਿਕ ਅਤੇ ਸਾਫ਼-ਸ਼ਫਾਫ ਸਾਖ ਪੇਸ਼ ਕਰਨ ਅਤੇ ਲੋਕਾਂ ਨੂੰ ਦੇਸ਼ ਦੀ ਉਸ ਮਹਾਨਤਾ ਦੇ ਸੁਪਨੇ ਵੇਚਣ ਦੀ ਕੋਸ਼ਿਸ਼ ਕਰਦਾ ਹੈ ਜੋ ਭ੍ਰਿਸ਼ਟ ਸਿਆਸਤਦਾਨਾਂ ਕਰ ਕੇ ਹਾਸਲ ਨਾ ਹੋ ਸਕੀ ਤੇ ਭਾਰਤ ਦੀ ਪੂੰਜੀ ਵਿਦੇਸ਼ ਜਾਂਦੀ ਰਹੀ। ਫਿਰ ਵੀ ਮੋਦੀ ਸਰਕਾਰ ਦਾ ਸਭ ਤੋਂ ਪ੍ਰਤੱਖ ਅਸਰ ਸੀ ਗਊ ਹੱਤਿਆ ਦੇ ਨਾਂ 'ਤੇ ਹੁੰਦੀ ਹਜੂਮੀ ਹਿੰਸਾ, ਦਲਿਤ ਵਿਰੋਧੀ ਹਮਲੇ ਅਤੇ ਅਜਿਹੀ ਕੌਮ ਦਾ ਨਿਰਮਾਣ ਜਿਸ ਵਿਚ ਘੱਟਗਿਣਤੀਆਂ ਤੇ ਦਲਿਤਾਂ ਲਈ ਕੋਈ ਥਾਂ ਨਹੀਂ ਦਿਸਦੀ। ਇਨ੍ਹਾਂ ਹਮਲਿਆਂ ਨੇ ਹੀ ਸਭ ਤੋਂ ਪਹਿਲਾਂ ਸਤਾਏ ਜਾ ਰਹੇ ਗਰੁਪਾਂ ਅੰਦਰ ਸੱਤਾ-ਵਿਰੋਧੀ ਭਾਵਨਾ ਦੀ ਸ਼ਕਲ ਅਖਤਿਆਰ ਕੀਤੀ ਜੋ ਅੱਗੇ ਚੱਲ ਕੇ ਭਾਜਪਾ ਵਿਰੋਧੀ ਲਹਿਰ ਵਿਚ ਤਬਦੀਲ ਹੋ ਗਈ। ਇਸੇ ਕਰਕੇ ਪਾਰਟੀ ਨੂੰ ਤਿੰਨ ਅਹਿਮ ਰਾਜਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਹ ਸਭ ਕੁਝ ਇਸ ਕਰ ਕੇ ਸੰਭਵ ਹੋਇਆ ਕਿਉਂਕਿ ਲੋਕਾਂ ਨੂੰ ਸਰਕਾਰ 'ਤੇ ਭਰੋਸਾ ਨਹੀਂ ਰਿਹਾ ਕਿ ਇਹ ਉਨ੍ਹਾਂ ਦਾ ਜੀਵਨ ਖੁਸ਼ਹਾਲ ਬਣਾਉਣ ਲਈ ਕੰਮ ਕਰ ਰਹੀ ਹੈ।

ਰਾਮ ਮੰਦਰ, ਰਾਮ ਦਾ ਬੁੱਤ, ਹਨੂੰਮਾਨ ਦੀ ਜਾਤ, ਓਵੈਸੀ ਦਾ ਧਰਮ ਅਤੇ ਕਾਂਗਰਸ ਦੀ ਵਿਧਵਾ ਇਨ੍ਹਾਂ ਸਭ ਮੁੱਦਿਆਂ ਦਾ ਕੁੱਲ ਜੋੜ ਲੋਕਾਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰਦਾ ਸੀ।

ਖ਼ੁਸ਼ਹਾਲੀ ਦੇ ਨਖਲਿਸਤਾਨ ਦਾ ਪਿੱਛਾ ਕਰਦਿਆਂ ਮੌਜੂਦਾ ਸਰਕਾਰ ਵਡੇਰੀ ਬੁਰਾਈ ਬਣ ਗਈ ਹੈ। ਕੀ ਅਗਲੇ ਚਾਰ ਮਹੀਨਿਆਂ ਵਿਚ ਮੋਦੀ ਆਪਣਾ ਇਹ ਅਕਸ ਦੂਰ ਕਰ ਸਕਦੇ ਹਨ? ਚਾਰ ਮਹੀਨੇ ਸਿਆਸਤ ਵਿਚ ਕਾਫ਼ੀ ਲੰਬਾ ਸਮਾਂ ਹੁੰਦਾ ਹੈ। ਇਸ ਦੌਰਾਨ ਬਹੁਤ ਕੁਝ ਵਾਪਰ ਸਕਦਾ ਹੈ ਤੇ ਸਰਕਾਰ ਦੇ ਨਿਕੰਮੇਪਣ ਦਾ ਅਕਸ ਵੀ ਬਦਲ ਸਕਦਾ ਹੈ। ਇਸੇ ਤਰ੍ਹਾਂ 2003 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ 2004 ਦੇ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਕੋਈ ਪ੍ਰਭਾਵ ਨਹੀਂ ਪਾਇਆ ਸੀ। ਬਹਰਹਾਲ, 3-0 ਦੀ ਹਾਰ ਕੋਈ ਮਾਮੂਲੀ ਹਾਰ ਨਹੀਂ ਹੈ ਜਿਸ ਨੂੰ ਆਸਾਨੀ ਨਾਲ ਅੱਖੋਂ ਓਹਲੇ ਕੀਤਾ ਜਾ ਸਕੇ।

ਆਖਰੀ ਮਸ਼ਵਰਾ ਤਿਲੰਗਾਨਾ ਬਾਰੇ ਹੈ: ਕੀ ਕਾਂਗਰਸ ਕਦੇ ਇਹ ਸਿੱਖ ਸਕੇਗੀ ਕਿ ਸਨਕੀਪੁਣਾ ਨਹੀਂ ਕਰਨਾ ਚਾਹੀਦਾ? ਤਿਲੰਗਾਨਾ ਦੇ ਲੋਕਾਂ ਨੇ ਕਾਂਗਰਸ ਨੂੰ ਚੰਦਰਬਾਬੂ ਨਾਇਡੂ ਦੀ ਤੈਲਗੂ ਦੇਸਮ ਪਾਰਟੀ ਨਾਲ ਮੌਕਾਪ੍ਰਸਤ ਸਾਂਝ ਪਾਉਣ ਦੀ ਸਜ਼ਾ ਦਿੱਤੀ ਹੈ। ਤੈਲਗੂ ਦੇਸਮ ਉਹੀ ਪਾਰਟੀ ਹੈ ਜਿਸ ਨੇ ਤਿਲੰਗਾਨਾ ਦੀ ਕਾਇਮੀ ਦਾ ਡਟ ਕੇ ਵਿਰੋਧ ਕੀਤਾ ਸੀ। ਹੁਣ ਤਿਲੰਗਾਨਾ ਦਾ ਇਹ ਅਖੌਤੀ ਮਹਾਂਗਠਜੋੜ ਖਿੰਡ-ਪੁੰਡ ਗਿਆ ਹੈ। ਮਹਾਨਤਾ ਦੇ ਨਿਰਮਾਣ ਵਿਚ ਥੋੜ੍ਹੇ ਮਾਤਰ ਆਦਰਸ਼ਵਾਦ ਦੀ ਝਲਕ ਤਾਂ ਪੈਣੀ ਹੀ ਚਾਹੀਦੀ ਹੈ।

# ਫੇਸਬੁੱਕ-ਟਵਿੱਟਰ ਇਨਕਲਾਬ ਦੀ ਮਿੱਥ

ਅਵਿਜੀਤ ਪਾਠਕ

ਇਸ ਗੱਲ ਤੋਂ ਕੌਣ ਮੁਨਕਰ ਹੋ ਸਕਦਾ ਹੈ ਕਿ ਜਿਹੜੀ ਵੀ ਨਵੀਂ ਤਕਨਾਲੋਜੀ ਆਉਂਦੀ ਹੈ, ਉਹ ਆਪਣੇ ਵਾਅਦੇ ਤੇ 'ਚਮਤਕਾਰੀ' ਹੱਲ ਨਾਲ ਲਿਆਉਂਦੀ ਹੈ? ਅਤੇ ਸੂਚਨਾ ਵਿਚ ਗੜੁੱਚ ਸੰਸਾਰ ਵਿਚ ਫੇਸਬੁੱਕ ਤੇ ਟਵਿੱਟਰ ਨੇ ਕਮਾਲਾਂ ਕੀਤੀਆਂ ਹਨ। ਫੇਸਬੁੱਕ ਉੱਤੇ ਪੁਰਾਣੇ ਦੋਸਤਾਂ ਨੂੰ ਮੁੜ ਲੱਭਣਾ; ਸੂਚਨਾ ਦਾ ਕੋਈ ਅਹਿਮ ਰੂਪ ਆਪਣੇ ਪਿਆਰਿਆਂ ਨਾਲ ਸ਼ੇਅਰ ਕਰਨਾ- ਜਿਵੇਂ ਕੋਈ ਤਸਵੀਰ, ਲੇਖ ਜਾਂ ਕਵਿਤਾ; 'ਫਾਲੋਅਰਾਂ' ਵਿਚ ਸੰਖੇਪ/ ਸਿਆਸੀ ਤੌਰ 'ਤੇ ਅਹਿਮ ਟਿੱਪਣੀਆਂ ਨੂੰ ਫੈਲਾਉਣਾ; ਅਤੇ ਇਸ ਤੋਂ ਵੀ ਵੱਧ, ਲੋਕਾਂ ਨੂੰ ਇਕਦਮ ਤੇ ਫ਼ੌਰੀ- ਕਿਸੇ ਮੁਜ਼ਾਹਰੇ ਜਾਂ ਵਿਰੋਧ ਪ੍ਰਦਰਸ਼ਨ ਵਿਚ ਸ਼ਮੂਲੀਅਤ ਲਈ ਲਾਮਬੰਦ ਕਰਨਾ; ਇਹ ਸੰਚਾਰ ਤਕਨਾਲੋਜੀ ਦੀਆਂ ਅਜਿਹੀਆਂ ਹਾਂ-ਪੱਖੀ ਸੰਭਵਾਨਾਵਾਂ ਹਨ ਜਿਨ੍ਹਾਂ ਨੂੰ ਕੋਈ ਨਜ਼ਰਅੰਦਾਜ਼ ਨਹੀਂ ਕਰ ਸਕਦਾ।

ਤਾਂ ਵੀ ਇਸ ਤਕਨੀਕੀ ਚਮਤਕਾਰ ਦੀ ਕਹਾਣੀ ਏਨੀ ਆਸਾਨ ਤੇ ਸਿੱਧੀ ਨਹੀਂ ਹੈ। ਕੀ ਇੰਜ ਤਾਂ ਨਹੀਂ ਕਿ ਤਕਨਾਲੋਜੀ ਸਾਨੂੰ ਹੀਣੇ ਬਣਾ ਰਹੀ ਹੈ, ਇਕ ਨਵੀਂ ਮਿੱਥ ਸਿਰਜ ਰਹੀ ਹੈ ਜਿਸ ਨੂੰ ਇਸ ਦੇ ਜਾਦੂਈ ਪ੍ਰਭਾਵ ਕਾਰਨ ਅਸੀਂ ਸਮਝਣ 'ਚ ਨਾਕਾਮ ਰਹੇ ਹਾਂ? ਦੁਨੀਆਂ ਭਰ ਵਿਚ ਸਮਾਜਿਕ ਮਨੋਵਿਗਿਆਨੀ ਇਸ ਸਨਕ ਕਿ- ਫੇਸਬੁੱਕ ਸੰਚਾਰ ਹੈ, ਫੇਸਬੁੱਕ ਜ਼ਿੰਦਗੀ ਹੈ ਅਤੇ ਫੇਸਬੁੱਕ ਸਭ ਤੋਂ ਕਰੀਬੀ ਸਾਥੀ ਹੈ, ਦੇ ਖ਼ਤਰਿਆਂ ਬਾਰੇ ਲਿਖ ਰਹੇ ਹਨ। ਫੇਸਬੁੱਕ ਆਪਣੇ ਵਰਤਣਹਾਰਿਆਂ ਦੇ ਮਾਨਸਿਕ ਪਸਾਰੇ ਉੱਤੇ ਬੜਾ ਮਾੜਾ ਅਸਰ ਪਾਉਂਦੀ ਹੈ। ਫ਼ੌਰੀ ਤੌਰ 'ਤੇ ਇਹ ਦੁਨੀਆਂ ਭਰ ਵਿਚ 'ਪਛਾਣ' ਬਣਨKਬਣਾਉਣ ਦਾ ਜੋਸ਼ ਭਰਦੀ ਹੈ ਜਦੋਂਕਿ ਬੰਦੇ ਦੀ ਆਮ ਹਾਲਤ ਲਗਾਤਾਰ ਗੁੰਮਨਾਮੀ ਵਾਲੀ ਬਣਦੀ ਜਾ ਰਹੀ ਹੈ। ਇਸ ਦੇ ਨਾਲ ਨਾਲ ਇਹ ਕਈ ਤਰ੍ਹਾਂ ਦੀਆਂ ਚਿੰਤਾਵਾਂ ਤੇ ਭੰਬਲਭੂਸੇ ਵੀ ਪੈਦਾ ਕਰਦੀ ਹੈ। ਕਿਸੇ ਵੱਲੋਂ ਆਪਣੇ ਆਪ ਨੂੰ 'ਲਾਈਕਸ' (ਪਸੰਦਾਂ) ਅਤੇ 'ਫਾਲੋਅਰਜ਼' ਦੀ ਗਿਣਤੀ ਦੇ ਆਧਾਰ 'ਤੇ ਪ੍ਰੀਭਾਸ਼ਿਤ ਕਰਨਾ ਜਾਂ ਆਪਣੇ ਆਪ ਨੂੰ ਲਗਾਤਾਰ ਕਿਸੇ 'ਵਾਇਰਲ' ਚੀਜ਼ ਵਿਚ ਉਲਝਾਈ ਰੱਖਣਾ, ਕਿਸੇ ਵੀ ਤਰ੍ਹਾਂ ਹਾਂ-ਪੱਖੀ ਸਵੈ-ਹੋਂਦ ਦਾ ਸੰਕੇਤ ਨਹੀਂ ਹੈ। ਇਹ 'ਇਕ ਤਰ੍ਹਾਂ ਅਸਲ ਵਰਗਾ ਲੱਗਦਾ' (ਵਰਚੁਅਲ) ਨਵਾਂ ਸਮਾਜ ਵੀ ਘੱਟ ਬੰਧਨ-ਭਰਪੂਰ ਨਹੀਂ ਹੈ; ਕਿਸੇ ਵੱਲੋਂ ਬਹੁਤ ਹੀ ਅੰਤਰੰਗ ਤੇ ਜ਼ਾਤੀ ਜ਼ਿੰਦਗੀ ਬਾਰੇ ਕੁਝ ਪੋਸਟ ਕਰਨ ਦੀ ਬੇਤਾਬੀ- ਜਿਵੇਂ, ਦੋਸਤ ਕੁੜੀ ਨਾਲ ਕਿਸੇ ਹਿਮਾਲਿਆਈ ਰਿਜ਼ਾਰਟ ਵਿਚ ਬਿਤਾਏ ਪਲ, ਕਿਸੇ ਵੱਲੋਂ ਦੀਵਾਲੀ ਮੌਕੇ ਖ਼ਰੀਦੀ ਨਵੀਂ ਕਾਰ ਦੀ ਤਸਵੀਰ, ਕਿਸੇ ਦੀ ਧੀ ਦੀ ਸਫਲਤਾ ਦੀ ਕਹਾਣੀ ਜਿਵੇਂ ਉਹ ਲੰਡਨ ਸਕੂਲ ਆਫ਼ ਇਕਨੌਮਿਕਸ ਵਿਚ ਪੁੱਜ ਗਈ ਹੋਵੇ- ਸਾਡੀ ਅਸੁਰੱਖਿਆ, ਸਾਡੀ ਸਵੈ-ਇਸ਼ਤਿਹਾਰਬਾਜ਼ੀ ਤੋਂ ਬਿਨਾਂ ਖ਼ਾਮੋਸ਼ੀ ਨਾਲ ਰਹਿ ਸਕਣ ਦੀ ਅਸਮਰੱਥਾ ਦਾ ਪ੍ਰਗਟਾਵਾ ਵੀ ਹੈ।

ਸਿਰਫ਼ ਇਹੋ ਨਹੀਂ। ਫੇਸਬੁੱਕ ਦਾ ਚਸਕਾ ਲੱਗਣ ਨਾਲ, ਜਿਵੇਂ ਕਿ ਅਸੀਂ ਹਰ ਪਾਸੇ ਦੇਖਦੇ ਹਾਂ, ਸਬੰਧਿਤ ਵਿਅਕਤੀ 'ਅਸਲ' ਦੁਨੀਆਂ- ਉਹ ਸੰਸਾਰ ਜਿਸ ਨੂੰ ਅਸੀਂ ਦੇਖ ਸਕਦੇ ਹਾਂ, ਛੂਹ, ਸੁਣ ਤੇ ਮਹਿਸੂਸ ਕਰ ਸਕਦੇ ਹਾਂ, ਉਸ ਦਾ ਅਹਿਸਾਸ ਕਰ ਸਕਦੇ ਹਾਂ- ਤੋਂ ਸਜੀਵ (ਆਰਗੈਨਿਕ) ਤੇ ਜੀਵੰਤ ਤੌਰ 'ਤੇ ਸਬੰਧਿਤ ਹੋਣ ਦੀ ਭਾਵਨਾ ਗੁਆ ਬੈਠਦਾ ਹੈ। ਕਿੰਨੀ ਅਫ਼ਸੋਸਨਾਕ ਸਥਿਤੀ ਹੈ ਜਦੋਂ ਸਿੱਧੇ ਰੂ-ਬ-ਰੂ ਸੰਪਰਕ ਦੀ ਥਾਂ 'ਟੈਕਟਸਿੰਗ' ਤੇ 'ਮੈਸੇਜਿੰਗ' ਜ਼ਿਆਦਾ ਅਸਲੀ ਲੱਗਣ ਲੱਗ ਪੈਣ। ਉਦਾਹਰਨ ਦੇ ਤੌਰ 'ਤੇ ਅਸੀਂ ਪਹਾੜ ਦੀ ਚੋਟੀ ਨੂੰ ਬਿਲਕੁਲ ਚੁੱਪ ਰਹਿ ਕੇ ਵੇਖੀਏ ਅਤੇ ਉਸ ਦੀ ਖ਼ੂਬਸੂਰਤੀ ਨੂੰ ਆਪਣੇ ਧੁਰ ਅੰਦਰ ਤੱਕ ਮਹਿਸੂਸ ਕਰੀਏ ਜਾਂ ਫ਼ੌਰੀ ਸਮਾਰਟ ਫੋਨ ਦਾ ਇਸਤੇਮਾਲ ਕਰਦਿਆਂ ਇਸ ਦੀਆਂ ਵੱਖੋ-ਵੱਖ ਤਸਵੀਰਾਂ ਖਿੱਚਣ ਅਤੇ ਫਿਰ ਸਭ ਕਾਸੇ ਨੂੰ ਤੁਰਤ-ਫ਼ੁਰਤ ਪੋਸਟ ਕਰ ਦੇਣ ਦੀ ਕਾਹਲ ਹੋਵੇ ਤਾਂ ਕਿ ਸਾਨੂੰ 'ਲਾਈਕਸ' ਮਿਲ ਸਕਣ! ਇਸ ਤਰ੍ਹਾਂ ਦਾ ਮੰਜ਼ਰ ਤੇ ਮਨੋਸਥਿਤੀ ਕਿੰਨੇ ਖ਼ਤਰਨਾਕ ਨੇ। ਇਸ ਤਰ੍ਹਾਂ ਅਸੀਂ ਹੌਲੀ ਹੌਲੀ ਕਰ ਕੇ ਅਖ਼ੀਰ ਪੂਰੀ ਤਰ੍ਹਾਂ ਆਪਣਾ ਧੀਰਜ ਤੇ ਇਕਾਗਰਤਾ ਗੁਆ ਬਹਿੰਦੇ ਹਾਂ। ਸੰਸਾਰ ਦਾ ਅਨੁਭਵ ਸਾਡੀ ਪਕੜ 'ਚੋਂ ਨਿਕਲਦਾ ਜਾਂਦਾ ਹੈ ਤੇ ਸਾਡੇ ਕੋਲ ਬਾਕੀ ਰਹਿ ਜਾਂਦੀ ਹੈ ਉਸ (ਸੰਸਾਰ) ਦੀ ਤਕਨੀਕ ਦੁਆਰਾ ਕੀਤੀ ਗਈ ਤਸਵੀਰਕਸ਼ੀ। ਵਿਲੀਅਮ ਬਲੇਕ ਵਰਗੀ ਸੁਰ-ਤਾਲ 'ਤੇ ਨੱਚਣਾ ਤੇ ਗਾਉਣਾ ਤੇ ਉਹਦੇ ਵਾਂਗ 'ਜੰਗਲੀ ਫੁੱਲ ਵਿਚੋਂ ਅਮਰਤਾ' ਦੇਖਣਾ ਸੰਭਵ ਨਹੀਂ ਹੈ। ਸੋਸ਼ਲ ਮੀਡੀਆ ਦੇ ਦੌਰ ਵਿਚ ਸਿਆਸਤ ਨੇ ਵੀ ਇਕ ਨਵਾਂ ਮਾਅਨਾ ਹਾਸਲ ਕਰ ਲਿਆ ਹੈ। ਮਿਸਾਲ ਵਜੋਂ: ਸਾਨੂੰ ਦੱਸਿਆ ਜਾਂਦਾ ਹੈ ਕਿ ਟਵਿੱਟਰ ਵੱਲੋਂ 'ਪੁਰਸ਼-ਪ੍ਰਧਾਨ ਬ੍ਰਾਹਮਣਵਾਦ' ਦਾ ਖ਼ਾਤਮਾ ਕਰ ਦਿੱਤਾ ਜਾਵੇਗਾ; ਜਾਂ ਆਖ ਲਓ ਕਿ ਮਹਿਜ਼ 140 ਹਰਫ਼ਾਂ ਨਾਲ ਸਾਰਾ ਕੁਝ ਹੀ ਸੰਭਵ ਜਾਪਦਾ ਹੈ, ਭਾਵੇਂ ਇਹ ਅਯੁੱਧਿਆ ਵਿਚਲਾ ਮੰਦਰ ਹੋਵੇ, ਜਾਂ ਹਮਜਿਨਸੀ (ਐਲਜੀਬੀਟੀਕਿਊ) ਭਾਈਚਾਰੇ ਵੱਲੋਂ ਦਿਖਾਈ ਗਈ ਕਾਮੁਕਤਾ। ਕੀ ਅਸੀਂ ਸੱਚਮੁੱਚ ਗਾਂਧੀ ਦੀ 'ਹਿੰਦ ਸਵਰਾਜ' ਜਾਂ ਮਾਰਕਸ ਦੀ 'ਦਿ ਕਮਿਊਨਿਸਟ ਮੈਨੀਫੈਸਟੋ' ਜਾਂ ਅੰਬੇਡਕਰ ਦੀ 'ਦਿ ਐਨੀਹਿਲੇਸ਼ਨ ਆਫ਼ ਕਾਸਟ' ਨੂੰ ਪੂਰੀ ਸੰਜੀਦਗੀ ਨਾਲ ਪੜ੍ਹ ਰਹੇ ਹਾਂ? ਜਾਂ ਇਹ ਹੈ ਕਿ ਅਸੀਂ ਹਰ ਸਵੇਰ ਮੂਰਖਾਂ ਵਾਂਗ ਸਿਆਸੀ 'ਮਸ਼ਹੂਰ ਹਸਤੀਆਂ'- ਸੰਬਿਤ ਪਾਤਰਾ ਤੋਂ ਲੈ ਕੇ ਸ਼ਸ਼ੀ ਥਰੂਰ ਤੱਕ- ਨੂੰ 'ਫਾਲੋ' ਕਰਦੇ ਰਹਿੰਦੇ ਹਾਂ? ਖ਼ੈਰ, ਜਿਵੇਂ ਮੈਂ ਪਹਿਲਾਂ ਹੀ ਇਸ਼ਾਰਾ ਕੀਤਾ ਹੈ ਕਿ ਇਸ ਨਵੀਂ ਤਕਨਾਲੋਜੀ ਲਈ ਇਹ ਸੰਭਵ ਹੈ ਕਿ ਇਹ ਕਿਸੇ ਸੁਨੇਹੇ ਨੂੰ ਤੇਜ਼ੀ ਨਾਲ ਫੈਲਾ ਸਕਦੀ ਹੈ, ਬਹਿਸ ਛੇੜ ਸਕਦੀ ਹੈ ਅਤੇ ਕਿਸੇ ਮਕਸਦ ਲਈ ਲੋਕਾਂ ਨੂੰ ਲਾਮਬੰਦ ਵੀ ਕਰ ਸਕਦੀ ਹੈ ਅਤੇ ਨਾਲ ਹੀ ਅੰਗਰੇਜ਼ੀ ਬੋਲਣ ਵਾਲੇK ਯੂਨੀਵਰਸਿਟੀਆਂ ਵਿਚ ਪੜ੍ਹੇ ਨੌਜਵਾਨਾਂ ਨੂੰ ਕੌਮੀ ਰਾਜਧਾਨੀ 'ਚ ਕਿਸਾਨਾਂ ਦੀ ਰੈਲੀ ਵਿਚ ਸ਼ਮੂਲੀਅਤ ਕਰਨ ਲਈ ਪ੍ਰੇਰ ਸਕਦੀ ਹੈ। ਪਰ, ਜਦੋਂ ਅਸੀਂ ਵਸੀਲਿਆਂ ਉੱਤੇ ਲੋੜੋਂ ਵੱਧ ਤਵੱਜੋ ਦਿੰਦੇ ਹਾਂ ਅਤੇ ਮੂਲ ਮੁੱਦਿਆਂ ਨੂੰ ਭੁੱਲ ਜਾਂਦੇ ਹਾਂ ਤਾਂ ਇਨਕਲਾਬ ਵੀ ਇਕ ਤਕਨੀਕੀ-ਚਮਤਕਾਰ ਜਿਹੀ ਸ਼ੈਅ ਬਣ ਕੇ ਰਹਿ ਜਾਂਦਾ ਹੈ। ਜੇ ਪੁਰਸ਼-ਪ੍ਰਧਾਨ ਬ੍ਰਾਹਮਣਵਾਦ ਦੇ ਖ਼ਾਤਮੇ ਦਾ ਨਾਅਰਾ ਵੀ ਉਸੇ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਦੀਪਿਕਾ ਪਾਦੂਕੋਣ ਦੇ ਵਿਆਹ ਦੀ ਇਕ ਸ਼ੋਖ਼ ਤਸਵੀਰ 'ਵਾਇਰਲ' ਹੁੰਦੀ ਹੈ, ਤਾਂ ਇਹ ਬਹੁਤ ਅਫ਼ਸੋਸਨਾਕ ਹੈ।



ਇਨਕਲਾਬ ਕੋਈ ਅਜਿਹੀ ਸ਼ੈਅ ਨਹੀਂ ਜਿਸ ਦੀ ਫੇਸਬੁੱਕ ਜਾਂ ਟਵਿੱਟਰ ਉੱਤੇ ਖ਼ਪਤ ਹੋ ਸਕੇ। ਇਸ ਨੂੰ ਦੋ ਚੀਜ਼ਾਂ ਦੀ ਲੋੜ ਹੈ। ਪਹਿਲੀ, ਇਸ ਨੂੰ ਅੰਦਰੂਨੀ ਤਬਦੀਲੀ ਦੇ ਸਖ਼ਤ ਅਮਲ ਦੀ ਲੋੜ ਹੈ- ਜਿਵੇਂ ਅਸੀਂ ਆਪਣੀਆਂ ਲੋੜਾਂ ਤੇ ਤਰਜੀਹਾਂ ਨੂੰ ਪ੍ਰੀਭਾਸ਼ਿਤ ਕਰਦੇ ਹਾਂ, 'ਮਰਦਾਨਾ' ਜਾਂ 'ਜ਼ਨਾਨਾ' ਕਿਰਦਾਰਾਂ 'ਤੇ ਮੁੜ ਗ਼ੌਰ ਕਰਦੇ ਹਾਂ, ਲੋਕਾਂ ਨਾਲ ਖ਼ੁਦ ਨੂੰ ਜੋੜਦੇ ਹਾਂ ਅਤੇ ਕੁਦਰਤ ਵਿਚ ਰਲ਼ਦੇ-ਮਿਲਦੇ ਹਾਂ। ਦੂਜੀ, ਇਹ ਦੁੱਖ, ਦਰਦ ਅਤੇ ਇੰਤਜ਼ਾਰ ਦੇ ਅਸਲ ਸੰਸਾਰ ਵਿਚ ਸਰਗਰਮ ਸ਼ਮੂਲੀਅਤ ਦੀ ਮੰਗ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ- ਜਿਵੇਂ ਗਾਂਧੀ ਫ਼ਿਰਕੂ ਹਿੰਸਾ ਦੀ ਅੱਗ ਬੁਝਾਉਣ ਲਈ ਆਪਣੇ ਕਮਜ਼ੋਰ ਸਰੀਰ ਨਾਲ ਨਾਓਖਲੀ ਪਿੰਡ ਦੀਆਂ ਗਲੀਆਂ 'ਚੋਂ ਲੰਘਦੇ ਹਨ, ਜਾਂ ਜਿਸ ਤਰ੍ਹਾਂ ਜਿਓਤੀਰਾਓ ਫੂਲੇ ਤੇ ਉਨ੍ਹਾਂ ਦੀ ਪਤਨੀ ਸਵਿੱਤਰੀਬਾਈ ਫੂਲੇ, ਜ਼ਾਲਮ ਜਾਤੀਵਾਦੀ ਸਮਾਜ ਵੱਲੋਂ ਡਾਹੇ ਜ਼ੋਰਦਾਰ ਅੜਿੱਕਿਆਂ ਦੇ ਬਾਵਜੂਦ ਪਛੜੀਆਂ ਜਾਤਾਂ ਦੀਆਂ ਕੁੜੀਆਂ ਲਈ ਸਕੂਲ ਖੋਲ੍ਹਦੇ ਹਨ।

ਇਹ ਗੱਲ ਸਾਫ਼ ਹੋ ਜਾਵੇ ਕਿ ਇਹ ਉਹ ਸਵਾਲ ਹਨ ਜਿਹੜੇ ਤਕਨਾਲੋਜੀ ਦੇ 'ਮਾੜੇ ਅਸਰਾਂ' ਤੋਂ ਮੁਕਤ 'ਗ਼ੈਰ-ਆਧੁਨਿਕ' ਸੰਸਾਰ ਬਣਾਉਣ ਦੇ ਰੋਮਾਂਸ ਲਈ ਨਹੀਂ ਉਠਾਏ ਗਏ। ਨਾ ਹੀ ਇਹ ਸਵਾਲ ਤਕਨਾਲੋਜੀ ਨੂੰ ਮਾੜਾ ਕਹਿਣ ਜਾਂ ਉਸ ਤੋਂ ਡਰਾਉਣ ਲਈ ਉਠਾਏ ਗਏ ਹਨ। ਅਸਲ ਵਿਚ ਅਸੀਂ ਸਹੀ ਅਰਥਾਂ ਵਿਚ ਆਧੁਨਿਕ ਬਣਨਾ ਹੈ ਤਾਂ ਸਾਨੂੰ ਸੂਝਵਾਨ ਬਣਨਾ ਪਵੇਗਾ। ਇਸ ਦਾ ਮਤਲਬ ਹੈ ਕਿਸੇ ਦੀ ਨਵੀਆਂ ਚੁਣੌਤੀਆਂ ਦੇ ਆਧਾਰ ਉੱਤੇ ਆਪਣੀ ਹੋਂਦ ਨੂੰ ਮੁੜ-ਪ੍ਰੀਭਾਸ਼ਿਤ ਕਰਨ ਦੀ ਸਮਰੱਥਾ। ਇਸ ਲਈ, ਜੇ ਤਕਨਾਲੋਜੀ ਉੱਤੇ ਬਹੁਤ ਜ਼ਿਆਦਾ ਨਿਰਭਰਤਾ ਇਨਸਾਨੀ ਰਚਨਾਤਮਿਕਤਾ ਅਤੇ ਜਿਸਮਾਨੀ ਹੋਂਦ ਵਾਲੇ ਅਸਲ ਜਿਉਂਦੇ-ਜਾਗਦੇ ਸੰਸਾਰ ਦੀ ਖ਼ੁਸ਼ਬੋ ਨਾਲ ਨੇੜਤਾ ਦੀ ਸੰਭਾਵਨਾ ਨੂੰ ਨੁਕਸਾਨ ਪਹੁੰਚਾਉਂਦੀ ਹੈ ਤਾਂ ਸਾਨੂੰ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਸਾਨੂੰ ਲਾਜ਼ਮੀ ਅਜਿਹੀ ਚੀਜ਼ ਨੂੰ ਦਿਮਾਗ਼ ਤੋਂ ਕੱਢ ਦੇਣਾ ਚਾਹੀਦਾ ਹੈ ਜੋ ਲੁਭਾਉਣੀ ਤੇ ਸੰਮੋਹਕ ਹੋਵੇ। ਇਸ ਦੀ ਥਾਂ ਸਾਨੂੰ ਤਕਨਾਲੋਜੀ ਦੇ ਨਾਲ ਰਹਿੰਦਿਆਂ ਆਪਣੇ ਮਾਣ-ਸਨਮਾਨ, ਖ਼ੁਦਮੁਖ਼ਤਾਰੀ ਅਤੇ ਚਿੰਤਨਸ਼ੀਲਤਾ ਨੂੰ ਕਾਇਮ ਰੱਖਣ ਦਾ ਸਬਕ ਵੀ ਸਿੱਖਣਾ ਚਾਹੀਦਾ ਹੈ।

# ਕਹਾਣੀ
# ਮੂਰਖੰਦਰ ਬਹਾਦਰ
ਪਿਆਰਾ ਸਿੰਘ ਦਾਤਾ



ਬੀਰਬਲ ਨੇ ਅਕਬਰ ਬਾਦਸ਼ਾਹ ਨੂੰ ਰੋਟੀ ਕੀਤੀ। ਹੋਰ ਵੀ ਕਈ ਦਰਬਾਰੀ ਖਾਣੇ ਵੇਲੇ ਹਾਜ਼ਰ ਸਨ। ਉਨ੍ਹੀਂ ਦਿਨੀ ਬੀਰਬਲ ਪਾਸ ਕੋਲ ਇਕ ਨਵਾਂ ਪਹਾੜੀਆ ਨੌਕਰ ਆਣ ਕੇ ਰਹਿਣ ਲੱਗਾ ਸੀ। ਉਸ ਦਾ ਨਾਂ ਮੂਰਖੰਦਰ ਬਹਾਦਰ ਸੀ। ਬੀਰਬਲ ਦੀ ਕੋਸ਼ਿਸ਼ ਸੀ, ਕਿ ਉਹ ਬਾਦਸ਼ਾਹ ਦੇ ਸਾਹਮਣੇ ਨਾ ਆਵੇ, ਪਰ ਇਕ ਪਰਦੇ ਪਿਛੋਂ ਝਾਕਦਿਆਂ ਬਾਦਸ਼ਾਹ ਨੇ ਉਸਨੂੰ ਤਾੜ ਲਿਆ। ਅਕਬਰ ਨੇ ਉਸ ਨੂੰ ਪਾਸ ਬੁਲਾਇਆ, ਤਾਂ ਬੀਰਬਲ ਨੇ ਉਸਦੀ ਸਿਆਣਪ ਦੀ ਬੜੀ ਤਾਰੀਫ਼ ਕੀਤੀ। ਅਕਬਰ ਨੇ ਉਸਦਾ ਇਮਤਿਹਾਨ ਲੈਣਾ ਚਾਹਿਆ, ਤਾਂ ਬੀਰਬਲ ਨੇ ਉਸ ਨੂੰ ਪੇਸ਼ ਕਰ ਦਿੱਤਾ।

ਅਕਬਰ ਨੇ ਉਸ ਨੂੰ ਇਕ ਕਟੋਰਾ ਦੇ ਕੇ ਬਜਾਰੋਂ ਦੋ ਆਨੇ ਦਾ ਤੇਲ ਲੈਣ ਭੇਜਿਆ। ਮੂਰਖੰਦਰ ਬਹਾਦਰ ਨੇ ਕਟੋਰਾ ਤੇਲ ਦਾ ਭਰਵਾ ਲਿਆ, ਤਾਂ ਵੀ ਕੁਝ ਤੇਲ ਬਚ ਰਿਹਾ। ਦੁਕਾਨਦਾਰ ਨੇ ਕਿਹਾ – "ਥੋੜ੍ਹਾ ਤੇਲ ਬਚ ਗਿਆ ਹੈ, ਮੂਰਖੰਦਰਾ! ਉਹ ਕਿਵੇਂ ਲੈ ਜਾਵੇਂਗਾ?"

ਮੂਰਖੰਦਰ ਨੇ ਕਟੋਰਾ ਪੁੱਠਾ ਕਰ ਕੇ ਬਚਦਾ ਤੇਲ ਵੀ ਪਵਾ ਲਿਆ। ਘਰ ਪੁੱਜਾ ਤਾਂ ਪੁੱਠੇ ਕਟੋਰੇ 'ਚ ਮਾਸਾ ਕੁ ਤੇਲ ਵੇਖ ਕੇ ਬਾਦਸ਼ਾਹ ਕਹਿਣ ਲਗੇ, "ਮੂਰਖੰਦਰ! ਬਾਕੀ ਤੇਲ ਕਿਥੇ ਈ? ਦੋ ਆਨੇ ਦਾ ਇੰਨਾਂ ਥੋੜ੍ਹਾ ਤੇਲ?" ਮੂਰਖੰਦਰ ਨੇ ਕਟੋਰਾ ਸਿੱਧਾ ਕਰ ਕੇ ਕਿਹਾ – "ਇਧਰ ਹੈ, ਹਜ਼ੂਰ।" ਇਸ ਤਰ੍ਹਾਂ ਪੁੱਠੇ ਪਾਸੇ ਦਾ ਤੇਲ ਵੀ ਡੁੱਲ੍ਹ ਗਿਆ। ਇਹ ਵੇਖ ਕੇ ਸਾਰੇ ਵਜ਼ੀਰ ਖਿੜ ਖਿੜ ਹੱਸਣ ਲੱਗੇ, ਤੇ ਅਕਬਰ ਨੇ ਬੀਰਬਲ ਨੂੰ 'ਮੂਰਖੰਦਰਾਂ ਦੇ ਗੁਰੂ' ਦਾ ਖਿਤਾਬ ਦਿੱਤਾ।

ਬੀਰਬਲ ਨੇ ਬਾਦਸ਼ਾਹ ਦੀ ਚੋਟ ਪੱਲੇ ਬੰਨ੍ਹ ਲਈ ਤੇ ਯੋਗ ਵਕਤ ਦੀ ਉਡੀਕ ਕਰਨ ਲਗਾ।

ਦੂਜੇ ਦਿਨ ਜਦੋਂ ਬੀਰਬਲ ਦਰਬਾਰ ਵਿਚ ਪੁਜਾ ਤਾਂ ਮੁਲਾਂ ਦੋ ਪਿਆਜ਼ਾ ਖਾਨ ਖਾਨਾ, ਮਿਰਜ਼ਾ ਆਦਿਕ ਨਾਲ ਸਲਾਹ ਪਕਾ ਕੇ ਅਕਬਰ ਬਾਦਸ਼ਾਹ ਬੀਰਬਲ ਨੂੰ ਕਹਿਣ ਲਗਾ– "ਬੀਰਬਲ! ਇਕ ਅਜਿਹੀ ਸੂਚੀ ਪੇਸ਼ ਕਰ, ਜਿਸ ਵਿਚ ਮੂਰਖਾਂ ਦੇ ਨਾਂ ਹੋਣ ਤੇ ਮੂਰਖਾਂ ਦੇ ਬਾਦਸ਼ਾਹ ਦਾ ਨਾਂ (ਬੀਰਬਲ ਵਲ ਅਖ ਦਾ ਇਸ਼ਾਰਾ ਕਰ ਕੇ) ਸਭ ਤੋਂ ਪਹਿਲਾਂ ਹੋਵੇ"।

ਬੀਰਬਲ– "ਬਹੁਤ ਅਛਾ ਹਜ਼ੂਰ! ਅਜਿਹੀ ਸੂਚੀ ਇਕ ਹਫ਼ਤੇ ਪਿਛੋਂ ਤਿਆਰ ਕਰ ਕੇ ਆਪ ਦੇ ਪੇਸ਼ ਕਰਾਂਗਾ"।

ਦੂਜੇ ਦਿਨ ਸ਼ਾਹੀ ਮਹੱਲਾਂ ਦੇ ਬਾਹਰ-ਵਾਰ ਬੀਰਬਲ ਇਕ ਟੁੱਟੀ ਮੰਜੀ ਲੈਕੇ ਠੋਕਣ ਲਗ ਪਿਆ। ਸਭ ਤੋਂ ਪਹਿਲਾਂ ਅਕਬਰ ਨੇ ਉਸ ਵਲ ਵੇਖਿਆ, ਤੇ ਪੁੱਛਿਆ, "ਬੀਰਬਲ! ਇਹ ਕੀ ਕਰ ਰਿਹਾ ਏਂ?" ਬੀਰਬਲ ਨੇ ਝਟ ਕਾਪੀ ਕਢ ਕੇ ਅਕਬਰ ਦਾ ਨਾ ਲਿਖ ਲਿਆ।

ਇਸ ਪਿਛੋਂ ਮੁਲਾਂ ਦੇ ਪਿਆਜ਼ਾ ਆਇਆ, ਉਸ ਵੀ ਉਹੀ ਸਵਾਲ ਕੀਤਾ। ਉਸ ਦਾ ਨਾਂ ਵੀ ਦਰਜ ਹੋ ਗਿਆ। ਸਵੇਰ ਤੋਂ ਸ਼ਾਮ ਤੀਕ ਉਸ ਉਥੇ ਹੀ ਡੇਰਾ ਜਮਾਈ ਰੱਖਿਆ, ਤੇ ਸ਼ਹਿਰ ਵਾਸੀਆਂ ਦਾ ਤਾਂਤਾ ਲਗਾ ਰਿਹਾ। ਹਰ ਕੋਈ ਇਹੀ ਪੁੱਛਦਾ, ਕਿ ਵਜ਼ੀਰ ਸਾਹਿਬ ਇਹ ਕੀ ਕਰ ਰਹੇ ਹੋ, ਤੇ ਬੀਰਬਲ ਉਨ੍ਹਾਂ ਦੇ ਨਾਂ ਲਿਖੀ ਜਾਂਦਾ।

ਹਫ਼ਤੇ ਪਿਛੋਂ ਦਰਬਾਰ ਲੱਗਾ, ਤਾਂ ਅਕਬਰ ਨੇ ਸਭ ਤੋਂ ਪਹਿਲਾ ਸਵਾਲ ਬੀਰਬਲ ਤੇ ਇਹ ਕੀਤਾ, ਕਿ ਮੂਰਖਾਂ ਦੀ ਸੂਚੀ ਬਣਾਈ ਆ।

ਬੀਰਬਲ ਮੁਸਕਰਾ ਕੇ ਕਹਿਣ ਲਗਾ, "ਹਜ਼ੂਰ, ਹੁਣੇ ਬਾਦਸ਼ਾਹ ਸਲਾਮਤ ਪੇਸ਼ ਕਰਦਾ ਹਾਂ"। ਇਹ ਕਹਿ ਕੇ ਉਸ ਨੇ ਉਹ ਸੂਚੀ ਅਕਬਰ ਦੇ ਹੱਥ ਫੜਾਈ। ਅਕਬਰ ਨੇ ਪੜ੍ਹੀ, ਤਾਂ ਸਭ ਤੋਂ ਪਹਿਲਾਂ ਆਪਣਾ ਨਾਂ ਤੇ ਉਸ ਤੋਂ ਅੱਗੇ ਮੁਲਾਂ ਦੋ ਪਿਆਜ਼ਾ, ਖਾਨ ਖਾਨਾ, ਖਵਾਜਾ ਸਰਾਂ ਆਦਿ ਦੇ ਨਾ ਪੜ੍ਹਕੇ ਉਹ ਬੜਾ ਹੈਰਾਨ ਹੋਇਆ। ਬੀਰਬਲ ਕੋਲੋਂ ਪੁੱਛਿਆ – "ਵਜ਼ੀਰ! ਇਹ ਕੀ?"

ਹਥ ਜੋੜ ਕੇ ਗਲ ਵਿਚ ਪਲਾ ਪਾ ਕੇ ਬੀਰਬਲ ਕਹਿਣ ਲਗਾ– "ਹਜ਼ੂਰ! ਮੈਨੂੰ ਮੰਜੀ ਠੋਕਦਿਆਂ ਵੇਖ ਕੇ ਸਭ ਤੋਂ ਪਹਿਲਾਂ ਜਿਸ ਆਦਮੀ ਨੇ ਮੈਥੋਂ ਪੁਛਿਆ ਕਿ ਮੈਂ ਕੀ ਕਰ ਰਿਹਾ ਹਾਂ, ਉਹ ਆਪ ਸੌ ਤੇ ਇਸ ਤੋਂ ਪਿਛੋਂ ਦੇ ਮੂਰਖਾਂ ਦੀ ਸੂਚੀ ਤੁਸੀਂ ਪੜ੍ਹ ਹੀ ਲਈ ਹੈ"।

ਬਾਦਸ਼ਾਹ ਨੇ ਖਿੜ ਖਿੜ ਹਸਦਿਆਂ ਬੀਰਬਲ ਨੂੰ ਉਸ ਦੀ ਅਕਲ ਦੀ ਦਾਦ ਦਿੱਤੀ।

ਕਾਫ਼ੀ ਸਮਾਂ ਗੁਜ਼ਰ ਜਾਣ ਪਿਛੋਂ ਕਾਬੁਲ ਦੇ ਕੁਝ ਸੌਦਾਗਰਾਂ ਨੇ ਕੁਝ ਘੋੜੇ ਬਾਦਸ਼ਾਹ ਦੇ ਪੇਸ਼ ਕੀਤੇ। ਬਾਦਸ਼ਾਹ ਨੇ ਦੋ ਘੋੜੇ ਪਸੰਦ ਕੀਤੇ, ਤੇ ਖ਼ਰੀਦ ਲਏ, ਅਰ ਉਸੇ ਨਸਲ ਦੇ ਹੋਰ ਘੋੜੇ ਲਿਆਣ ਲਈ ਇਕ ਲਖ ਰੁਪਿਆ ਕਾਬਲੀ ਸੌਦਾਗਰਾਂ ਨੂੰ ਪੇਸ਼ਗੀ ਦੇ ਦਿਤਾ।

ਇਕ ਦਿਨ ਬਾਦਸ਼ਾਹ ਨੂੰ ਪਤਾ ਨਹੀਂ ਕੀ ਸੁਝੀ, ਉਹ ਬੀਰਬਲ ਨੂੰ ਕਹਿਣ ਲਗਾ – "ਬੀਰਬਲ! ਆਪਣੀ ਸੂਚੀ ਫਾੜ ਦੇਹ, ਤੇ ਮੂਰਖਾਂ ਦੀ ਇਕ ਨਵੀਂ ਸੂਚੀ ਤਿਆਰ ਕਰ"।

ਦੂਜੇ ਦਿਨ ਬੀਰਬਲ ਫਿਰ ਉਹੀ ਸੂਚੀ ਪੇਸ਼ ਕਰ ਦਿਤੀ, ਜਿਸ ਵਿਚ ਸਭ ਤੋਂ ਪਹਿਲਾ ਨਾ ਅਕਬਰ ਦਾ ਸੀ।

ਅਕਬਰ ਨੇ ਗੁੱਸੇ ਹੋ ਕੇ ਪੁੱਛਿਆ – "ਇਹ ਕੀ?"

"ਹਜ਼ੂਰ! ਗੁਸਤਾਖ਼ੀ ਮੁਆਫ਼, ਤੁਸੀਂ ਬਿਨਾਂ ਜਾਣ ਪਛਾਣ ਦੇ ਕਾਬਲੀ ਸੌਦਾਗਰਾਂ ਨੂੰ ਇਕ ਲਖ ਰੁਪਿਆ ਪੇਸ਼ਗੀ ਦੇ ਦਿਤਾ, ਉਨ੍ਹਾਂ ਨੂੰ ਮੂੰਹ ਵਿਖਾਣ ਦੀ ਕੀ ਲੋੜ, ਸੋ ਤੁਹਾਡੇ ਤੋਂ ਵਧ ਮ...ਮ...ਮੂਰਖ ਕੌਣ ਹੋਵੇਗਾ?"

"ਪਰ ਜੇ ਉਹ ਪਰਤ ਆਣ, ਤਾਂ..." ਬਾਦਸ਼ਾਹ ਨੇ ਪੁੱਛਿਆ। "ਜੇ ਪਰਤ ਆਏ, ਤਾਂ ਆਪ ਦਾ ਨਾਂ ਕਟ ਕੇ ਸਭ ਤੋਂ ਪਹਿਲਾਂ ਉਹਨਾਂ ਦਾ ਨਾਂ ਲਿਖ ਦਿਤਾ ਜਾਵੇਗਾ"। ਬੀਰਬਲ ਨੇ ਹਸਦਿਆਂ ਹਸਦਿਆਂ ਕਿਹਾ।

# 23 ਪੋਹ ਬਨਾਮ ਪੋਹ ਸੁਦੀ 7



ਸਰਵਜੀਤ ਸਿੰਘ ਸੈਕਰਾਮੈਂਟੋ
916-230-2102

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਅੱਜ ਤੋਂ 353 ਸਾਲ ਪਹਿਲਾ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ (Lunisolar) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾਂ ਰਹੀ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿਖ ਧਰਮ ਚੰਦਰ ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿ-ਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਤੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.242196 ਦਿਨ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (ਠਰੋਪਚਿਅਲ ਇਅਰ) ਕਿਹਾ ਜਾਂਦਾ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਇਕ ਸਾਲ ਮੌਸਮੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ, 2017 ਸੀ: ਈ: ਵਿਚ 5 ਜਨਵਰੀ ਨੂੰ ਆਇਆ ਸੀ ਅਤੇ ਉਸ ਤੋਂ ਅੱਗਲਾ ਪੁਰਬ ਇਸ ਤੋਂ 11 ਦਿਨ ਪਹਿਲਾ ਭਾਵ 25 ਦਸੰਬਰ 2017ਸੀ: ਈ: ਨੂੰ ਆਇਆ ਸੀ। ਇਸ ਹਿਸਾਬ ਨਾਲ ਤਾਂ 2018 ਵਿਚ ਇਹ 14 ਦਸੰਬਰ ਨੂੰ ਆਉਣਾ ਚਾਹੀਦਾ ਸੀ। ਪਰ ਨਹੀ! ਹੁਣ ਇਹ 13 ਜਨਵਰੀ ਨੂੰ ਆਵੇਗਾ।

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ।ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ। ਇਸ ਸਾਲ ਜੇਠ ਦਾ ਮਹੀਨਾ ਦੋ ਵਾਰੀ ਆਇਆ ਸੀ।(19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ) ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ।ਮਲ ਸਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਿਜਾਏ 18ĸ19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾਦਿਹਾੜਾ14 ਦਸੰਬਰ 2018 ਨੂੰ ਆਉਣਾ ਚਾਹੀਦਾ ਸੀ ਹੁਣ ਉਹ 2019 ਵਿਚ 13 ਜਨਵਰੀ ਨੂੰ ਆਵੇਗਾ। ਹੁਣ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾ ਭਾਵ 2 ਜਨਵਰੀ 2020 ਨੂੰ ਆਵੇਗਾ। ਹੁਣ ਫੇਰ ਚੰਦ ਦੇ ਸਾਲ ਵਿਚ ਇਕ ਮਲ ਮਾਸ ਆ ਜਾਵੇਗਾ (ਅੱਸੂ ਦੇ ਦੋ ਮਹੀਨੇ ਹੋਣਗੇ) ਅਤੇ ਉਸ ਤੋਂ ਅੱਗਲਾ 20 ਜਨਵਰੀ 2021 ਨੂੰ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ।

| ਦਿਹਾੜਾ | ਸੰਮਤ 546 ਨਾ: | ਸੰਮਤ 547 ਨਾ: | ਸੰਮਤ 548 ਨਾ: | ਸੰਮਤ 549 ਨਾ: | ਸੰਮਤ 550 ਨਾ: | ਸੰਮਤ 551 ਨਾ: | ਸੰਮਤ 552 ਨਾ: |
|---|---|---|---|---|---|---|---|
| ਵੈਸਾਖੀ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ | 1 ਵੈਸਾਖ |
| ਸ਼ਹੀਦੀ ਵੱਡੇ ਸਾਹਿਬਜ਼ਾਦੇ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ | 8 ਪੋਹ |
| ਸ਼ਹੀਦੀ ਛੋਟੇ ਸਾਹਿਬਜ਼ਾਦੇ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ | 13 ਪੋਹ |
| ਪ੍ਰਕਾਸ਼ ਦਿਹਾੜਾ ਪਾਤਸ਼ਾਹੀ 10 | 13 ਪੋਹ | 3 ਮਾਘ | 22 ਪੋਹ | 11 ਪੋਹ | 29 ਪੋਹ | 18 ਪੋਹ | 3 ਮਾਘ |

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ ਬਿਕ੍ਰਮੀ ਕੈਲੰਡਰ ਦੀ 23 ਪੋਹ ਵੀ ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿੱਚ ਲਿਖਿਆ ਗਿਆ ਤਾਂ ਇਹ 22 ਦਸੰਬਰ 1666 ਈ: ਲਿਖੀ ਗਈ ਸੀ। ਯਾਦ ਰਹੇ 2017 ਈ: ਵਿਚ 23 ਪੋਹ ਨਾਨਕਸ਼ਾਹੀ ਅਤੇ ਪੋਹ ਸੁਦੀ 7 ਦੋਵੇਂ ਹੀ ਇਕੋ ਦਿਨ, 5 ਜਨਵਰੀ ਨੂੰ ਇਕੱਠੀਆਂ ਆਈਆਂ ਸਨ।ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਿਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ? ਨਹੀ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ 'ਚ ਨਿਕਲ ਜਾਂਦੇ ਹਾਂ। ਸਾਡਾ ਇਹ ਲਾਭ ਸ਼ਾਇਦ ਕਿਸੇ (?) ਹੋਰ ਲਈ ਨੁਕਸਾਨ ਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁੱਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ (?) ਹੋਰ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ।

ਹੁਣ ਜਦੋਂ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ, ਨਾਨਕਸ਼ਾਹੀ ਕੈਲੰਡਰ ਮੁਤਾਬਕ 23 ਪੋਹ ਨੂੰ ਮਨਾਉਂਦੇ ਹਾਂ ਤਾਂ ਇਹ ਦਿਹਾੜਾਹਰ ਸਾਲ5 ਜਨਵਰੀ ਨੂੰ ਹੀ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਜੋ ਕੈਲੰਡਰ ਛਾਪਿਆ ਜਾਂਦਾ ਹੈ। ਉਹ ਸੂਰਜੀ ਬਿਕ੍ਰਮੀ ਕੈਲੰਡਰ ਹੈ। ਜਿਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਅਤੇ 30 ਫੱਗਣ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਕੈਲੰਡਰ ਮੁਤਾਬਕ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਹੀ ਆਉਂਦਾ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ (ਪ੍ਰਵਿਸ਼ਟਾ) ਹਰ ਸਾਲ ਬਦਲ ਜਾਂਦਾ ਹੈ। ਜਿਵੇ ਸੰਮਤ 546 ਨਾਨਕਸ਼ਾਹੀ ਵਿੱਚ (2014-15 ਈ:)13 ਪੋਹ, 547 ਨਾਨਕਸ਼ਾਹੀ ਵਿੱਚ 3 ਮਾਘ, ਸੰਮਤ 548 ਵਿੱਚ 22 ਪੋਹ, 549 ਵਿੱਚ 11 ਪੋਹ, 550 ਵਿੱਚ 29 ਪੋਹ,551, 18 ਪੋਹਅਤੇ 552 (2020-2021) ਵਿਚ 7 ਮਾਘ ਨੂੰ ਆਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਛਾਪੇ ਜਾਂਦੇ ਕੈਲੰਡਰ ਵਿੱਚ ਕੁਝ ਦਿਹਾੜੇ ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਮੁਤਾਬਕ ਜਿਸ ਦੇ ਸਾਲ ਦੀ ਲੰਬਾਈ 365.2536 ਦਿਨ ਹੈ, ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ ਜਿਸ ਦੇ ਸਾਲ ਦੀ ਲੰਬਾਈ 354.53 ਦਿਨ ਹੈ ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ, ਜਿਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ, ਮੁਤਾਬਕ ਦਰਜ ਕੀਤੇ ਜਾਂਦੇ ਹਨ।

ਨਾਨਕਸ਼ਾਹੀ ਕੈਲੰਡਰ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸੰਮਤ 535 ਨਾਨਕਸ਼ਾਹੀ (2003-2004 ਈ:) ਵਿਚ ਲਾਗੂ ਕੀਤਾ ਸੀ। ਪਰ ਅਚਾਨਕ ਹੀ ਇਸ ਨੂੰ ਰੱਦ ਕਰਕੇ, ਮਾਰਚ 2010 ਈ: ਵਿਚ ਦੋ ਮਾਹਿਰਾਂ ਦੀ ਕਮੇਟੀ, ਜਿਸ ਵਿਚ ਭਾਈ ਅਵਤਾਰ ਸਿੰਘ ਮੱਕੜ ਅਤੇ ਭਾਈ ਹਰਨਾਮ ਸਿੰਘ ਧੁੰਮਾ ਸ਼ਾਮਿਲ ਸਨ, ਦੀ ਸਿਫ਼ਾਰਿਸ਼ ਤੇ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਧੁਮੱਕੜਸ਼ਾਹੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ, ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਤੇ ਅਧਾਰਿਤ ਹੈ। ਭਾਵ 365.2425 ਦਿਨ ਹੈ। ਇਸ ਦੇ ਮਹੀਨੇ ਦਾ ਆਰੰਭ ਹਰ ਸਾਲ ਇਕੋ ਸਮੇਂ ਹੀ ਹੁੰਦਾ ਹੈ। ਅਤੇ ਮਹੀਨੇ ਦੇ ਦਿਨ ਵੀ ਧੁਮੱਕੜ ਸ਼ਾਹੀ ਕੈਲੰਡਰ ਵਾਂਗੂ, ਹਰ ਸਾਲ ਨਹੀਂ ਬਦਲਦੇ, ਇਸ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ (5 ਜਨਵਰੀ) ਨੂੰ ਹੀ ਆਉਂਦਾ ਹੈ। ਪਿਛਲੇ ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਲਿਖਤੀ ਬੇਨਤੀਆਂ ਕੀਤੀਆਂ ਹਨ ਪਰ ਉਨ੍ਹਾਂ ਨੇ ਕਦੇ ਹੁੰਗਾਰਾ ਨਹੀ ਭਰਿਆ। ਮੈਂ ਆਪਣੇ ਨਿੱਜੀ ਤਜਰਬੇ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਤੋਂ ਕਿਸੇ ਵੀ ਮਸਲੇ ਦੇ ਹਲ ਦੀ ਆਸ ਨਹੀਂ ਕਰਨੀ ਚਾਹੀਦੀ। ਸ਼੍ਰੋਮਣੀ ਕਮੇਟੀ ਦੇ ਉੱਚ ਸਿੱਖਿਆ ਪ੍ਰਾਪਤ ਵਿਦਵਾਨ/ਅਧਿਕਾਰੀ ਤਾਂ "ਉਪਰੋਂ ਆਏ ਹੁਕਮ" ਦੇ ਗੁਲਾਮ ਹਨ। ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ, ਕੀ ਸਾਨੂੰ ਰੁੱਤੀ ਸਾਲ (Tropical year) ਤੇ ਅਧਾਰਿਤ ਵਿਗਿਆਨਕ ਕੈਲੰਡਰ, ਭਾਵ ਨਾਨਕਸ਼ਾਹੀ ਕੈਲੰਡਰ, ਜਿਸ ਦੀਆਂ ਤਾਰੀਖ਼ਾਂ(ਪ੍ਰਵਿਸ਼ਟੇ) ਸਦਾ ਵਾਸਤੇ ਇਕੋ ਹੀ ਰਹਿਣਗੀਆਂ, ਦੀ ਲੋੜ ਹੈ ਜਾਂ ਧੁਮੱਕਸ਼ਾਹੀ ਕੈਲੰਡਰ ਦੀ? ਜਿਸ ਦੀਆਂ ਤਾਰੀਖ਼ਾਂ ਹਰ ਸਾਲ ਬਦਲ ਜਾਂਦੀਆਂ ਹਨ ਅਤੇ ਤਾਰੀਖ਼ਾਂ ਦਾ ਪਤਾ ਕਰਨ ਲਈ ਵੀ ਕਿਸੇ ਨੂੰ ਪੁੱਛਣਾ ਹੀ ਪਵੇਗਾ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com






# ਸਰੀਰ ਲਈ ਬਹੁਤ ਜਰੂਰੀ ਹੈ ਭੋਜਨ ਦਾ ਸਹੀ ਮੇਲ



**ਸੰਜੀਵ ਕੁਮਾਰ ਸ਼ਰਮਾ**

ਸੰਤੁਲਿਤ ਭੋਜਨ ਕੀ ਹੁੰਦਾ ਹੈ, ਇਹ ਅਸੀਂ ਬਾਖ਼ੂਬੀ ਜਾਣਦੇ ਹਾਂ। ਉਹ ਭੋਜਨ ਜਿਸ ਵਿਚ ਸਰੀਰ ਨੂੰ ਬਣਾਉਣ ਲਈ ਪ੍ਰੋਟੀਨ, ਤਾਕਤ ਦੇਣ ਲਈ ਕਾਰਬੋਹਾਈਡ੍ਰੇਟਸ, ਬਿਮਾਰੀਆਂ ਤੋਂ ਬਚਾਅ ਲਈ ਵਿਟਾਮਿਨ, ਚਿਕਨਾਈ ਤੇ ਖਣਿਜ ਸਹੀ ਮਾਤਰਾ ਤੇ ਅਨੁਪਾਤ ਵਿਚ ਹੋਣ, ਸੰਤੁਲਿਤ ਭੋਜਨ ਕਹਾਉਂਦਾ ਹੈ। ਪਰ ਕਦੇ ਸੋਚਿਆ ਹੈ ਕਿ ਸੰਤੁਲਿਤ ਭੋਜਨ ਗ੍ਰਹਿਣ ਕਰਨ ਦੇ ਬਾਵਜੂਦ ਕਿਉਂ ਅੱਜ ਅਸੀਂ ਭਿੰਨ ਭਿੰਨ ਬਿਮਾਰੀਆਂ ਨਾਲ ਗ੍ਰਸੇ ਹੋਏ ਹਾਂ। ਨੇਚਰੋਪੈਥੀ ਅਨੁਸਾਰ, ਬਿਮਾਰੀਆਂ ਦਾ ਅਸਲ ਕਾਰਨ ਸਰੀਰ ਵਿਚ ਬਾਹਰੀ ਤੱਤਾਂ (foreign matter) ਦਾ ਜਮ੍ਹਾ ਹੋਣਾ ਹੈ ਜਿਹੜੇ ਪਾਚਨ (digestion) ਅਤੇ ਨਿਕਾਸੀ (excretion) ਕਿਰਿਆਵਾਂ ਵਿਚਕਾਰ ਅਸੰਤੁਲਨ ਦੇ ਕਾਰਨ ਜਮ੍ਹਾ ਹੁੰਦੇ ਹਨ। ਸਰੀਰ ਦੇ ਵੱਖ ਵੱਖ ਭਾਗਾਂ ਵਿਚ ਇਨ੍ਹਾਂ ਬਾਹਰੀ ਤੱਤਾਂ ਦੀ ਮੌਜੂਦਗੀ ਅਤੇ ਮਾਤਰਾ ਕਈ ਬਿਮਾਰੀਆਂ ਜਿਵੇਂ ਕਿ ਅਪਚ, ਕਬਜ਼, ਤੇਜ਼ਾਬੀਪਣ, ਸਿਰ ਦਰਦ, ਪੇਟ ਦਾ ਭਾਰੀਪਣ, ਆਂਤੜੀਆਂ ’ਚ ਸੋਜ਼ਿਸ਼, ਜੋੜਾਂ ਦਾ ਦਰਦ, ਚਿੜਚਿੜਾਪਣ, ਉਦਾਸੀਨਤਾ, ਮੋਟਾਪਾ ਆਦਿ ਨੂੰ ਜਨਮ ਦਿੰਦੀ ਹੈ। ਅੱਜ ਨਾ ਸਿਰਫ਼ ਬਜ਼ੁਰਗ ਅਤੇ ਨੌਜਵਾਨ ਹੀ, ਬਲਕਿ ਬੱਚੇ ਵੀ ਇਨ੍ਹਾਂ ਤਕਲੀਫ਼ਾਂ ਨਾਲ ਗ੍ਰਸੇ ਹੋਏ ਹਨ। ਅਕਸਰ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਜਾ ਸਕਦਾ ਹੈ ਕਿ ਖਾਣੇ ਦੀ ਮਾਤਰਾ ’ਤੇ ਕੰਟਰੋਲ ਅਤੇ ਸਿਹਤਮੰਦ ਭੋਜਨ ਕਰਨ ਦੇ ਬਾਵਜੂਦ ਉਨ੍ਹਾਂ ਦੀ ਸਿਹਤ ਠੀਕ ਕਿਉਂ ਨਹੀਂ ਰਹਿ ਰਹੀ ਅਤੇ ਬਿਮਾਰੀਆਂ ਉਨ੍ਹਾਂ ਦਾ ਪਿੱਛਾ ਕਿਉਂ ਨਹੀਂ ਛੱਡ ਰਹੀਆਂ।

ਨੇਚਰੋਪੈਥੀ ਅਨੁਸਾਰ, ਚੰਗੀ ਸਿਹਤ ਦੀ ਪ੍ਰਾਪਤੀ ਲਈ ਸਿਰਫ ਸਿਹਤਮੰਦ ਖਾਣਾ ਹੀ ਕਾਫੀ ਨਹੀਂ ਹੈ; ਬਲਕਿ ਓਨਾ ਹੀ ਲਾਜ਼ਮੀ ਹੈ ਕਿ ਅਸੀਂ ਉਹ ਖਾਣਾ ਸਹੀ ਢੰਗ ਨਾਲ ਖਾਈਏ। ਸਾਨੂੰ ਕੇਵਲ ਭੋਜਨ ਵਿਚ ਮੌਜੂਦ ਖਣਿਜ ਤੱਤਾਂ ਬਾਰੇ ਹੀ ਨਹੀਂ, ਬਲਕਿ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਭੋਜਨ ਕਿਸ ਮੇਲ ਵਿਚ ਕੀਤਾ ਜਾਵੇ। ਜੀਭ ਦੇ ਸੁਆਦ ਅਧੀਨ ਅਸੀਂ ਕਈ-ਕਈ ਭੋਜਨ ਪਦਾਰਥ ਖਾਣ ਲੱਗ ਪਏ ਹਾਂ ਜਿਹੜੇ ਇਕ-ਦੂਜੇ ਨਾਲ ਮਿਲ ਕੇ ਸਰੀਰ ਲਈ ਜ਼ਹਿਰ ਸਮਾਨ ਹੋ ਜਾਂਦੇ ਹਨ ਅਤੇ ਫਾਇਦਾ ਕਰਨ ਦੀ ਥਾਂ ਸਰੀਰ ਦਾ ਨੁਕਸਾਨ ਕਰ ਦਿੰਦੇ ਹਨ। ਦਸਮ ਗ੍ਰੰਥ ਅਨੁਸਾਰ— ਭਾਂਤ ਭਾਂਤ ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨ ਨਾਨਾ॥ ਇਸ ਲਈ ਸਹੀ ਖਾਨ-ਪਾਣ ਅਤੇ ਕੁਦਰਤੀ ਜੀਵਨ ਸ਼ੈਲੀ ਅਪਣਾ ਕੇ ਅਸੀਂ ਪਾਚਨ ਅਤੇ ਨਿਕਾਸੀ ਦੀਆਂ ਕਿਰਿਆਵਾਂ ਵਿਚਕਾਰ ਸੰਤੁਲਨ ਪੈਦਾ ਕਰ ਸਕਦੇ ਹਾਂ ਅਤੇ ਨਿਰੋਗ ਜੀਵਨ ਦੀ ਪ੍ਰਾਪਤੀ ਕਰ ਸਕਦੇ ਹਾਂ।

ਮਨੁੱਖ ਦਾ ਸਰੀਰ ਇਕ ਸਮੇਂ ਵਿਚ ਇਕ ਕਿਸਮ ਦੇ ਭੋਜਨ ਨਾਲ ਹੀ ਸਹੀ ਢੰਗ ਦੀ ਕਿਰਿਆ ਕਰ ਸਕਦਾ ਹੈ ਅਤੇ ਉਸ ਨੂੰ ਪਚਾ ਸਕਦਾ ਹੈ। ਵੱਖ ਵੱਖ ਤਰ੍ਹਾਂ ਦੇ ਭੋਜਨ ਦੀ ਪਾਚਨ ਕਿਰਿਆ ਵੱਖਰੇ ਢੰਗ ਨਾਲ, ਵੱਖ ਤਰ੍ਹਾਂ ਦੇ ਪਾਚਕ ਰਸਾਂ ਨਾਲ ਹੁੰਦੀ ਹੈ। ਜਿਵੇਂ ਫਲਾਂ ਦੀ ਪਾਚਨ ਕਿਰਿਆ ਮੂੰਹ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦਕਿ ਪ੍ਰੋਟੀਨ ਦੀ ਪਾਚਨ ਕਿਰਿਆ ਪੇਟ ਦੇ ਅੰਦਰ ਸ਼ੁਰੂ ਹੁੰਦੀ ਹੈ। ਕਾਰਬੋਹਾਈਡ੍ਰੇਟਸ ਦੀ ਪਾਚਨ ਕਿਰਿਆ ਖਾਰੇ (alkaline) ਮਾਧਿਅਮ ਵਿਚ ਹੁੰਦੀ ਹੈ ਜਦਕਿ ਪ੍ਰੋਟੀਨ ਦੀ ਅਮਲੀ (acidic) ਮਾਧਿਅਮ ਵਿਚ। ਇਉਂ ਵੱਖ-ਵੱਖ ਤਰ੍ਹਾਂ ਦੇ ਭੋਜਨ ਦੇ ਪਚਣ ਲਈ ਲੱਗਣ ਵਾਲਾ ਸਮਾਂ ਵੀ ਵੱਖੋ-ਵੱਖਰਾ ਹੁੰਦਾ ਹੈ। ਤਰਬੂਜ਼ ਤਕਰੀਬਨ 20 ਮਿੰਟਾਂ ਵਿਚ ਪਚ ਜਾਂਦਾ ਹੈ, ਜੂਸ 15-20 ਮਿੰਟਾਂ ਵਿਚ, ਸੰਤਰਾ-ਅੰਗੂਰ-ਟਮਾਟਰ 30 ਮਿੰਟਾਂ ਵਿਚ, ਸੇਬ-ਨਾਸ਼ਪਤੀ 40 ਮਿੰਟਾਂ ਵਿਚ, ਸਲਾਦ 40 ਮਿੰਟਾਂ ਵਿਚ, ਆਂਡਾ 45 ਮਿੰਟ ਵਿਚ, ਕੇਲਾ ਇਕ ਘੰਟੇ ਵਿਚ, ਮੱਛੀ ਇਕ ਘੰਟੇ ਵਿਚ, ਆਲੂ 90 ਮਿੰਟਾਂ ਵਿਚ, ਦੁੱਧ-ਦਹੀਂ 2 ਘੰਟੇ ਵਿਚ, ਚਿਕਨ 4 ਘੰਟਿਆਂ ਵਿਚ, ਸੂਅਰ ਆਦਿ ਦਾ ਮੀਟ 8 ਘੰਟਿਆਂ ਵਿਚ, ਫਾਸਟ ਫੂਡ (ਪੀਜ਼ਾ-ਬਰਗਰ) 12 ਘੰਟਿਆਂ ਵਿਚ।

ਇਸੇ ਲਈ ਜੇ ਅਸੀਂ ਚਾਹੁੰਦੇ ਹਾਂ ਕਿ ਖਾਧਾ ਭੋਜਨ ਚੰਗੀ ਤਰ੍ਹਾਂ ਪਚ ਜਾਵੇ ਅਤੇ ਸਾਡੇ ਸਰੀਰ ਨੂੰ ਪੂਰਾ ਲਾਭ ਦੇਵੇ ਤਾਂ ਸਾਨੂੰ ਇਕ ਸਮੇਂ ਇਕ ਹੀ ਤਰ੍ਹਾਂ ਦਾ ਅਤੇ ਸਾਦਾ ਭੋਜਨ ਖਾਣਾ ਚਾਹੀਦਾ ਹੈ।

ਉਂਝ, ਅਜੋਕੇ ਸਮੇਂ ਵਿਚ ਇਕ ਸਮੇਂ ਤੇ ਇਕੋ ਤਰ੍ਹਾਂ ਦਾ ਭੋਜਨ ਕਰਨਾ ਸੰਭਵ ਨਹੀਂ ਪ੍ਰਤੀਤ ਹੁੰਦਾ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਅਜਿਹੇ ਭੋਜਨ ਮਿਲਾਈਏ ਜਿਹੜੇ ਇਕ-ਦੂਜੇ ਨਾਲ ਮਿਲ ਕੇ ਸਾਡੇ ਸਰੀਰ ਵਿਚ ਸਕਾਰਾਤਮਕ ਕਿਰਿਆ ਕਰਨ ਅਤੇ ਸਾਡੀ ਸੰਪੂਰਨ ਸਿਹਤ ’ਤੇ ਚੰਗਾ ਪ੍ਰਭਾਵ ਪਾਉਣ। ਨੇਚਰੋਪੈਥੀ ਅਨੁਸਾਰ, ਭੋਜਨ ਦਾ ਗਲਤ ਮੇਲ ਹੀ ਖਰਾਬ ਹਾਜਮੇ ਦੀ ਸਮੱਸਿਆ ਦਾ ਵੱਡਾ ਕਾਰਨ ਹੈ। ਇਸ ਸਿਧਾਂਤ ਅਨੁਸਾਰ ਜਦੋਂ ਅਸੀਂ ਅਣ-ਉਚਿਤ ਮੇਲ ਵਾਲੇ ਭੋਜਨ ਪਦਾਰਥ ਖਾਂਦੇ ਹਾਂ ਤਾਂ ਅਜਿਹਾ ਭੋਜਨ ਸਰੀਰ ਅੰਦਰ ਪਹੁੰਚ ਕੇ ਠੀਕ ਤਰ੍ਹਾਂ ਹਜ਼ਮ ਨਹੀਂ ਹੁੰਦਾ ਅਤੇ ਕਾਫੀ ਦੇਰ ਤਕ ਪੇਟ ਦੇ ਅੰਦਰ ਪਿਆ ਪਿਆ ਸੜਨ ਲਗ ਜਾਂਦਾ ਹੈ ਅਤੇ ਜ਼ਹਿਰੀਲਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਪ੍ਰੋਟੀਨ ਅਤੇ ਸਟਾਰਚ ਦਾ ਮੇਲ ਅਜਿਹੀ ਹੀ ਉਦਾਹਰਣ ਹੈ। ਜਦੋਂ ਅਸੀਂ ਪ੍ਰੋਟੀਨ ਅਤੇ ਸਟਾਰਚ, ਜਿਵੇਂ ਦਾਲ-ਚੌਲ, ਰਾਜਮਾਂਹ-ਚੌਲ, ਛੋਲੇ-ਚੌਲ ਇਕੱਠੇ ਖਾਂਦੇ ਹਾਂ ਤਾਂ ਸਟਾਰਚ ਓਨੀ ਦੇਰ ਤੱਕ ਪੇਟ ਵਿਚ ਪਿਆ ਰਹੇਗਾ ਜਿੰਨੀ ਦੇਰ ਤੱਕ ਪ੍ਰੋਟੀਨ ਦੀ ਪਾਚਨ ਕਿਰਿਆ ਪੂਰੀ ਨਹੀਂ ਹੋ ਜਾਂਦੀ। ਇਸੇ ਤਰ੍ਹਾਂ ਕੜ੍ਹੀ-ਚੌਲ, ਆਲੂ-ਫਲੀਆਂ, ਦਹੀਂ-ਚੌਲ, ਦੁੱਧ-ਕੇਲਾ (ਬਨਾਨਾ ਸ਼ੇਕ) ਆਦਿ ਦਾ ਮੇਲ ਵੀ ਨੇਚਰੋਪੈਥੀ ਦੇ ਹਿਸਾਬ ਨਾਲ ਸਹੀ ਨਹੀਂ। ਇਸ ਦੇ ਉਲਟ ਦੁੱਧ ਅਤੇ ਸਿਟਰਿਕ ਫਲ ਦਾ ਮੇਲ ਸਹੀ ਹੈ। ਜਿਨ੍ਹਾਂ ਲੋਕਾਂ ਨੂੰ ਦੁੱਧ ਨਾ ਪਚਦਾ ਹੋਵੇ, ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਦੁੱਧ ਪੀਣ ਤੋਂ ਪਹਿਲਾਂ ਕੋਈ ਵੀ ਸਿਟਰਿਕ ਫਲ ਖਾ ਲੈਣ। ਇਨ੍ਹਾਂ ਨਿਯਮਾਂ ਦੀ ਪਾਲਣਾ ਕਰਕੇ ਵੀ ਅਸੀਂ ਆਪਣੇ ਪਾਚਨ-ਤੰਤਰ ਅਤੇ ਸੰਪੂਰਨ ਸਿਹਤ ਨੂੰ ਚੰਗਾ ਰੱਖ ਸਕਦੇ ਹਾਂ:

1. ਇਕ ਸਮੇਂ ’ਤੇ ਕੇਵਲ ਇਕ ਹੀ ਫਲ ਖਾਓ। ਜੇ ਕਈ ਫਲ ਇਕੱਠੇ ਵੀ ਖਾਣੇ ਪੈਣ ਤਾਂ ਫਿਰ ਇਕੋ ਤਰ੍ਹਾਂ ਦੇ ਫਲ ਇਕੱਠੇ ਖਾਓ। ਜਿਵੇਂ ਸਿਟਰਿਕ ਫਲ— ਸੰਤਰਾ, ਮੌਸੰਮੀ, ਕਿਨੂੰ, ਅਨਾਨਾਸ, ਅਨਾਰ ਆਦਿ ਇਕੱਠੇ ਖਾਧੇ ਜਾ ਸਕਦੇ ਹਨ ਅਤੇ ਮਿੱਠੇ ਫਲ ਜਿਵੇਂ ਅੰਬ ਕੇਲਾ, ਅੰਜੀਰ, ਚੀਕੂ ਆਦਿ ਇਕੱਠੇ।

2. ਫਲ ਹਮੇਸ਼ਾ ਖਾਲੀ ਪੇਟ ਖਾਓ ਜਾਂ ਫਿਰ ਖਾਣਾ ਖਾਣ ਤੋਂ ਘੰਟਾ ਪਹਿਲਾਂ ਜਾਂ ਦੋ ਘੰਟੇ ਬਾਅਦ।

3. ਤਰਬੂਜ਼-ਖਰਬੂਜੇ ਹਮੇਸ਼ਾ ਵੱਖਰੇ ਹੀ ਖਾਓ ਅਤੇ ਕਿਸੇ ਵੀ ਦੂਜੇ ਫਲ ਨਾਲ ਨਾ ਖਾਓ।

4. ਫਲ ਅਤੇ ਸਬਜ਼ੀਆਂ ਕਦੇ ਵੀ ਇਕੱਠੇ ਨਾ ਖਾਓ।

5. ਦੁੱਧ ਅਤੇ ਦਹੀਂ ਹਮੇਸ਼ਾ ਵੱਖਰੇ ਖਾਓ ਅਤੇ ਦੂਜੇ ਕਿਸੇ ਵੀ ਭੋਜਨ ਨਾਲ ਖਾਣ ਤੋਂ ਬਚੋ।

6. ਪ੍ਰੋਟੀਨ ਅਤੇ ਸਟਾਰਚ ਵਾਲੇ ਭੋਜਨ ਇਕੱਠੇ ਨਾ ਖਾਓ। ਜੇ ਖਾਣੇ ਪੈ ਜਾਣ ਤਾਂ ਪਹਿਲਾਂ ਪ੍ਰੋਟੀਨ ਖਾਓ, ਫਿਰ ਅੱਧਾ ਕੁ ਘੰਟਾ ਰੁਕ ਕੇ ਸਟਾਰਚ ਖਾਓ; ਜਾਂ ਫਿਰ ਪ੍ਰੋਟੀਨ ਬਹੁਤ ਜ਼ਿਆਦਾ, ਸਟਾਰਚ ਬਿਲਕੁਲ ਘੱਟ ਜਾਂ ਇਸ ਦੇ ਉਲਟ।

7. ਪ੍ਰੋਟੀਨ ਵਾਲੇ ਭੋਜਨ, ਹਰੀਆਂ ਸਟਾਰਚ ਤੋਂ ਬਗੈਰ ਸਬਜ਼ੀਆਂ ਨਾਲ ਖਾਧੇ ਜਾ ਸਕਦੇ ਹਨ।

8. ਚਿਕਨਾਈ ਵਾਲੇ ਭੋਜਨ ਨੂੰ ਪ੍ਰੋਟੀਨ ਵਾਲੇ ਭੋਜਨ ਜਾਂ ਸਟਾਰਚ ਵਾਲੇ ਭੋਜਨ ਨਾਲ ਖਾਧਾ ਜਾ ਸਕਦਾ ਹੈ।

ਇਨ੍ਹਾਂ ਗੱਲਾਂ ਦਾ ਧਿਆਨ ਰੱਖਣ ਨਾਲ ਨਾ ਕੇਵਲ ਤੁਹਾਡੇ ਪਾਚਨ ਤੰਤਰ ਵਿਚ ਅਤੇ ਨਤੀਜੇ ਵਜੋਂ ਸੰਪੂਰਨ ਸਿਹਤ ਵਿਚ ਸੁਧਾਰ ਆਵੇਗਾ, ਤੁਸੀਂ ਆਪਣੇ ਵਜ਼ਨ ’ਤੇ ਵੀ ਪੂਰੀ ਤਰ੍ਹਾਂ ਕੰਟਰੋਲ ਕਰ ਲਵੋਂਗੇ। ਅੰਤ ਵਿਚ ਸਭ ਤੋਂ ਮਹੱਤਵਪੂਰਨ ਗੱਲ, ਸਰੀਰ ਨੂੰ ਸਿਹਤਮੰਦ ਬਣਾ ਕੇ ਰੱਖਣ ਲਈ ਭੋਜਨ ਦੀ ਲੋੜ ਤਾਂ ਹੈ, ਪਰੰਤੂ ਉਸ ਦੀ ਮਾਤਰਾ ਤੈਅ ਕਰਨੀ ਬਹੁਤ ਜ਼ਰੂਰੀ ਹੈ।

ਜੇ ਅਸੀਂ ਗੁਰਬਾਣੀ ’ਅਲਪ ਅਹਾਰ ਸੁਲਪ ਸੀ ਨਿੰਦ੍ਰਾ। ਦਯਾ ਛਿਮਾ ਤਨ ਪ੍ਰੀਤਿ॥’ ਉਤੇ ਅਮਲ ਕਰੀਏ ਤਾਂ ਕਦੇ ਵੀ ਬਿਮਾਰ ਨਹੀਂ ਹੋ ਸਕਦੇ। ਸ਼ਬਦ ‘ਅਲਪ ਅਹਾਰ’ ਸਾਨੂੰ ਥੋੜ੍ਹਾ ਅਤੇ ਸਾਦਾ ਭੋਜਨ ਲੈਣ ਦੀ ਪ੍ਰੇਰਨਾ ਦਿੰਦਾ ਹੈ। ਮਨੁੱਖ ਨੂੰ ਕਈ ਬਿਮਾਰੀਆਂ ਗਲਤ ਖਾਣ-ਪੀਣ ਜਾਂ ਲੋੜ ਤੋਂ ਵੱਧ ਖਾਣ ਨਾਲ ਹੀ ਹੁੰਦੀਆਂ ਹਨ। ਸਰੀਰਕ ਰਚਨਾ ਦੀ ਦ੍ਰਿਸ਼ਟੀ ਤੋਂ ਵੀ ਪੇਟ ਹੀ ਮਨੁੱਖ ਨੂੰ ਚੰਗੀ ਸਿਹਤ ਤੇ ਲੰਬੀ ਉਮਰ ਵਾਲਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਜਰਮਨ ਨੇਚਰੋਪੈਥੀ ਡਾਕਟਰ ਦੇ ਡਾ. ਲਿੰਡਲਰ ਅਨੁਸਾਰ, ਅਸੀਂ ਜੋ ਕੁਝ ਖਾਂਦੇ ਹਾਂ, ਉਸ ਦਾ ਇਕ-ਤਿਹਾਈ ਹਿੱਸਾ ਸਾਨੂੰ ਪਾਲਦਾ ਹੈ ਅਤੇ ਦੋ-ਤਿਹਾਈ ਡਾਕਟਰਾਂ ਨੂੰ ਪਾਲਦਾ ਹੈ।

**ਨੇਚਰੋਪੈਥੀ**

ਇਲਾਜ ਦੀ ਉਹ ਪ੍ਰਣਾਲੀ ਜਿਸ ਵਿਚ ਕੁਦਰਤ ਦੇ ਪੰਜ ਤੱਤਾਂ— ਭੂਮੀ, ਆਕਾਸ਼, ਜਲ, ਅਗਨੀ ਅਤੇ ਵਾਯੂ (ਗੁਰੂ ਵਾਕ ਹੈ— ’ਪੰਚ ਤਤੁ ਸੁੰਨਹੁ ਪਰਗਾਸਾ’ ਅਰਥਾਤ ਪੰਜਾਂ ਤੱਤਾਂ ਤੋਂ ਬਣਿਆ ਇਹ ਮਨੁੱਖੀ ਸਰੀਰ ਨਿਰੋਲ ਪ੍ਰਭੂ ਦੇ ਆਪਣੇ ਆਪੇ ਤੋਂ ਹੀ ਪ੍ਰਗਟ ਹੋਇਆ) ਦੀ ਵਰਤੋਂ ਬਿਮਾਰੀਆਂ ਦਾ ਇਲਾਜ ਕਰਨ ਅਤੇ ਮਨੁੱਖ ਨੂੰ ਸਰੀਰਕ, ਮਾਨਸਿਕ ਤੇ ਆਤਮਿਕ ਪੱਖੋਂ ਤੰਦਰੁਸਤ ਬਣਾਉਣ ਲਈ ਕੀਤੀ ਜਾਂਦੀ ਹੈ।

**ਨਿਰੋਗੀ ਰਹਿਣ ਲਈ ਕੁਝ ਨੁਕਤੇ**

1. ਭੋਜਨ ਹੌਲੀ ਹੌਲੀ ਚੰਗੀ ਤਰ੍ਹਾਂ ਚਬਾ ਕੇ ਅਤੇ ਉਸ ਦਾ ਆਨੰਦ ਮਾਣਦੇ ਹੋਏ ਖਾਓ।
2. ਰੋਟੀ ਤੋਂ ਬਾਅਦ ਜਾਂ ਰੋਟੀ ਦੇ ਨਾਲ ਪਾਣੀ ਬਿਲਕੁਲ ਨਾ ਪੀਓ (ਸੰਸਕ੍ਰਿਤ ਦਾ ਸ਼ਲੋਕ ਹੈ- ‘ਭੋਜਨਾਂ ਤੇ ਵਿਸ਼ਮ ਵਾਰੀ’, ਅਰਥਾਤ ਰੋਟੀ ਖਾਣ ਤੋਂ ਤੁਰੰਤ ਬਾਅਦ ਪਾਣੀ ਪੀਣਾ ਜ਼ਹਿਰ ਪੀਣ ਦੇ ਬਰਾਬਰ ਹੈ)। ਰੋਟੀ ਖਾਣ ਤੋਂ ਅੱਧਾ ਘੰਟਾ ਪਹਿਲਾਂ ਅਤੇ ਰੋਟੀ ਖਾਣ ਤੋਂ ਇਕ ਘੰਟਾ ਬਾਅਦ (ਕੋਸ਼ਿਸ਼ ਕਰੋ ਕਿ ਗਰਮ) ਪਾਣੀ ਪੀਓ।
3. ਖਾਣਾ ਖਾਣ ਤੋਂ ਬਾਅਦ ਘੱਟੋ-ਘੱਟ ਪੰਜ ਮਿੰਟ ਵਜਰਾਸਨ ਵਿਚ ਬੈਠੋ।
4. ਸਵੇਰੇ ਉਠਦੇ ਸਾਰ ਖਾਲੀ ਪੇਟ ਦੋ ਗਲਾਸ ਗਰਮ ਪਾਣੀ ਅੱਧਾ ਨਿੰਬੂ ਪਾ ਕੇ ਪੀਓ। ਦਿਨ ਵਿਚ ਵੀ ਨਿੰਬੂ ਦੀ ਵਰਤੋਂ ਕਰਦੇ ਰਹੋ। ਧਿਆਨ ਰੱਖੋ ਸਾਰੇ ਦਿਨ ਵਿਚ ਨਿੰਬੂ ਦੀ ਕੁੱਲ ਮਾਤਰਾ ਇਕ-ਡੇਢ ਤੋਂ ਵੱਧ ਨਾ ਹੋਵੇ।
5. ਮੈਦਾ, ਖੰਡ ਅਤੇ ਸਾਧਾਰਨ ਨਮਕ ਦੀ ਵਰਤੋਂ ਪੂਰਨ ਤੌਰ ’ਤੇ ਬੰਦ ਕਰ ਦਿਓ। ਮੈਦੇ ਦੀ ਥਾਂ ਆਟਾ, ਖੰਡ ਦੀ ਥਾਂ ਦੇਸੀ ਖੰਡ, ਸ਼ੱਕਰ ਜਾਂ ਗੁੜ ਅਤੇ ਸਾਧਾਰਨ ਨਮਕ ਦੀ ਥਾਂ ਸੇਂਧਾ ਜਾਂ ਕਾਲਾ ਨਮਕ ਵਰਤੋ।
6. ਕਾਲੀ ਮਿਰਚ ਰੋਜ਼ਾਨਾ ਵਰਤੋਂ ਵਿਚ ਲਿਆਓ। ਕਾਲੀ ਮਿਰਚ ਨੂੰ ਤਿਆਰ ਭੋਜਨ ’ਤੇ ਉਪਰੋਂ ਭੁੱਕ ਕੇ ਖਾਓ। ਸਾਰੇ ਦਿਨ ਵਿਚ ਕੁਝ ਇਕ ਚੁਟਕੀਆਂ ਤੋਂ ਵੱਧ ਨਾ ਹੋਵੇ।
7. ਠੰਢੇ ਪਾਣੀ ਦੀ ਵਰਤੋਂ ਬਿਲਕੁਲ ਬੰਦ ਕਰ ਦਿਓ। ਫਰਿੱਜ ਵਾਲੇ ਪਾਣੀ ਦੀ ਥਾਂ ਘੜੇ ਦੇ ਪਾਣੀ ਦੀ ਵਰਤੋਂ ਕਰੋ।
8. ਚੋਕਰ (ਆਟੇ ਨੂੰ ਛਾਣ ਕੇ ਨਿਕਲਿਆ ਬੂਰਾ) ਨੂੰ ਆਪਣੇ ਨਿੱਤ-ਕ੍ਰਮ ਵਿਚ ਸ਼ਾਮਿਲ ਕਰੋ। ਹਰ ਦਿਨ 2-3 ਚਮਚੇ ਖੁਰਾਕ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ।
9. ਦੁੱਧ ਵਿਚ ਅੱਧਾ ਛੋਟਾ ਚਮਚਾ ਹਲਦੀ ਪਾ ਕੇ ਪੀਣ ਨੂੰ ਆਪਣੀ ਆਦਤ ਵਿਚ ਸ਼ਾਮਲ ਕਰੋ। ਇਸੇ ਤਰ੍ਹਾਂ ਇਕ-ਦੋ ਛੋਟੇ ਚਮਚੇ ਦੇਸੀ ਘਿਓ ਦੇ ਵੀ ਆਪਣੀ ਖੁਰਾਕ ਵਿਚ ਸ਼ਾਮਿਲ ਕਰੋ।
10. ਗੁੱਸੇ ਜਾਂ ਉਦਾਸੀ ਵਿਚ ਹੋਵੋ ਤਾਂ ਭੋਜਨ ਨਾ ਕਰੋ।


# ਡਿਪਰੈਸ਼ਨ: ਗੰਭੀਰ ਮਾਨਸਿਕ ਰੋਗ

**ਡਾ.ਆਗਿਆ ਜੀਤ ਸਿੰਘ**

ਡਿਪਰੈਸ਼ਨ ਮਾਨਸਿਕ ਰੋਗ ਹੈ ਜਿਹੜਾ ਅਜੋਕੇ ਸਮੇਂ ਵਿਚ ਵਧ ਰਿਹਾ ਹੈ। ਹਰ ਦਸਵਾਂ ਬੰਦਾ ਇਸ ਦਾ ਸ਼ਿਕਾਰ ਹੈ। ਡਿਪਰੈਸ਼ਨ ਮਨ ਦੀ ਸਥਿਤੀ ਹੈ ਜਿਸ ਵਿਚ ਬੰਦਾ ਗ਼ਲਤ ਗੱਲਾਂ ਬਾਰੇ ਸੋਚਦਾ ਹੈ, ਮਨ ਵਿਚ ਭੈੜੇ ਵਿਚਾਰ ਪੈਦਾ ਹੁੰਦੇ ਹਨ, ਆਪਣੇ ਨਾਲ ਤੇ ਆਪਣੇ ਆਲੇ-ਦੁਆਲੇ ਦੂਜੇ ਲੋਕਾਂ ਵੱਲ ਵਤੀਰਾ ਨਾਕਾਰਤਮਕ ਬਣ ਜਾਂਦਾ ਹੈ। ਉਹ ਢਹਿੰਦੀਆਂ ਕਲਾਂ ਵਿਚ ਰਹਿੰਦਾ ਹੈ। ਇਕ ਪੜਾਅ ’ਤੇ ਆਤਮ-ਹੱਤਿਆ ਦੇ ਵਿਚਾਰ ਵੀ ਆਉਂਦੇ ਹਨ। ਉਸ ਵਿਚ ਅਸਫ਼ਲਤਾ ਦੀਆਂ ਭਾਵਨਾਵਾਂ ਜ਼ਿਆਦਾ ਉਪਜਦੀਆਂ ਹਨ ਅਤੇ ਉਸ ਦੀ ਕਿਸੇ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਅਜਿਹੇ ਬੰਦੇ ਦੀ ਉਦਾਸੀ ਬਿਨਾਂ ਕਿਸੇ ਕਾਰਨ ਬਹੁਤ ਲੰਬੇ ਸਮੇਂ ਲਈ ਹੁੰਦੀ ਹੈ। ਉਹ ਕੁਝ ਵੀ ਕਰਨ ਦੇ ਯੋਗ ਨਹੀਂ ਹੁੰਦਾ ਅਤੇ ਥੱਕਿਆ ਮਹਿਸੂਸ ਕਰਦਾ ਹੈ। ਉਹ ਬਹੁਤੀਆਂ ਗੱਲਾਂ ਵੀ ਨਹੀਂ ਕਰਦਾ ਅਤੇ ਮਾਨਸਿਕ ਤੌਰ ’ਤੇ ਕਮਜ਼ੋਰ ਹੁੰਦਾ ਹੈ। ਡਿਪਰੈਸ਼ਨ ਦਾ ਰੋਗ ਵਪਾਰ ਵਿਚ ਘਾਟਾ, ਪਿਆਰ ਵਿਚ ਮਾਯੂਸੀ, ਪੜ੍ਹਾਈ ਵਿਚ ਅਸਫ਼ਲਤਾ, ਜ਼ਿੰਦਗੀ ਵਿਚ ਤਰੱਕੀ ਦਾ ਨਾ-ਮਿਲਣਾ ਜਾਂ ਫਿਰ ਕਿੱਤੇ ਵਿਚ ਅਸੰਤੁਸ਼ਟਤਾ ਹੋਣ ਕਰਕੇ ਹੋ ਸਕਦਾ ਹੈ।

ਇਸ ਮਨੋਰੋਗ ਦੇ ਚਿੰਨ੍ਹ ਭਿੰਨ ਪ੍ਰਕਾਰ ਦੇ ਹੁੰਦੇ ਹਨ। ਮੁੱਖ ਚਿੰਨ੍ਹ ਜੋਸ਼ ਤੇ ਉਤੇਜਨਾ ਦੀ ਘਾਟ ਅਤੇ ਸਰੀਰਕ ਤੇ ਮਾਨਸਿਕ ਕਿਰਿਆ ਦੀ ਖੀਣਤਾ ਹੈ। ਰੋਗੀ ਨਿਰਾਸ਼ ਤੇ ਮਾਯੂਸ ਹੋ ਜਾਂਦਾ ਹੈ। ਉਹ ਪਹਿਲ-ਕਦਮੀ ਦੀਆਂ



ਭਾਵਨਾਵਾਂ ਤੇ ਤਾਕਤ ਖੋਹ ਬੈਠਦਾ ਹੈ ਅਤੇ ਉਸ ਦਾ ਕਿਸੇ ਚੀਜ਼ ਵੱਲ ਰੁਚੀ ਲਈ ਝੁਕਾਅ ਨਹੀਂ ਰਹਿੰਦਾ।

ਅਜਿਹੇ ਬੰਦੇ ਵਿਚ ਮਾਨਸਿਕ ਕਿਰਿਆ ਦੀ ਰੁਕਾਵਟ ਬਹੁਤ ਹੁੰਦੀ ਹੈ ਅਤੇ ਬਹੁਤ ਸਾਰੇ ਰੋਗੀ ਸ਼ਿਕਾਇਤ ਕਰਦੇ ਹਨ ਕਿ ਉਹ ਨਾ ਤਾਂ ਆਪਣਾ ਧਿਆਨ ਇਕਾਗਰ ਕਰ ਸਕਦੇ ਹਨ ਅਤੇ ਨਾ ਹੀ ਆਪਣੇ ਖ਼ਿਆਲਾਂ ਨੂੰ ਇਕੱਤਰ ਕਰ ਸਕਦੇ ਹਨ। ਉਨ੍ਹਾਂ ਦੀ ਯਾਦਦਾਸ਼ਤ ਫ਼ੇਲ੍ਹ ਹੋ ਜਾਂਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਦਿਮਾਗ਼ ਖ਼ਾਲੀ ਹੈ। ਅਜਿਹੇ ਬੰਦਿਆਂ ਨੂੰ ਕੋਈ ਆਸ, ਕੋਈ ਦਿਲਚਸਪੀ ਅਤੇ ਜ਼ਿੰਦਗੀ ਦਾ ਕੋਈ ਜੋਸ਼ ਨਹੀਂ ਰਹਿੰਦਾ। ਉਨ੍ਹਾਂ ਦੀਆਂ ਮਨੋਵਿਗਿਆਨਕ ਅੰਤਰ-ਪ੍ਰੇਰਨਾਵਾਂ ਕਮਜ਼ੋਰ ਹੁੰਦੀਆਂ ਹਨ। ਉਹ ਆਪਣੀਆਂ ਹਰ ਪ੍ਰਕਾਰ ਦੀਆਂ ਗ਼ਲਤੀਆਂ ਲਈ ਆਪਣੇ ਆਪ ਨੂੰ ਕੋਸਦੇ ਹਨ ਅਤੇ ਆਪਣੇ ਆਪ ਹੀ ਉਨ੍ਹਾਂ ਦੇ ਸਿੱਟਿਆਂ ਤੋਂ ਡਰਦੇ ਹਨ। ਉਹ ਆਪਣੇ ਭੂਤਕਾਲ ਦੇ ਕੰਮਾਂ ਲਈ ਹਮੇਸ਼ਾਂ ਪਛਤਾਉਂਦੇ ਹਨ ਅਤੇ ਆਪਣੇ ਭਵਿੱਖ ਲਈ ਕੋਈ ਆਸ ਨਹੀਂ ਰੱਖਦੇ। ਭਾਵਤਮਿਕ ਤੌਰ ’ਤੇ ਉਹ ਅਹਿਲ, ਗਤੀਹੀਣ, ਢਿੱਲੜ, ਆਲਸੀ ਅਤੇ ਕਮਜ਼ੋਰ ਹੁੰਦੇ ਹਨ। ਉਹ ਕਿਸੇ ਸਮਾਜਿਕ ਉਤੇਜਨਾ ਦੀ ਕਿਰਿਆ ਨਹੀਂ ਕਰਦੇ ਅਤੇ ਉਨ੍ਹਾਂ ਵਿਚ ਆਤਮ-ਹੱਤਿਆ ਦੇ ਝੁਕਾਅ ਪੈਦਾ ਹੋ ਜਾਂਦੇ ਹਨ।

**ਡਿਪਰੈਸ਼ਨ ਮਨੋਰੋਗ ਦੀ ਰੋਕਥਾਮ ਤੇ ਇਲਾਜ:** ਡਿਪਰੈਸ਼ਨ ਦੇ ਰੋਗੀ ਨੂੰ ਹਸਪਤਾਲ ਵਿਚ ਦਾਖ਼ਲ ਕਰਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਚੰਗੀ ਸਰੀਰਕ ਦੇਖਭਾਲ ਦੇ ਨਾਲ ਹਸਪਤਾਲ ਵਿਚ ਦਾਖ਼ਲ ਕਰਾਉਣ ਨਾਲ ਰੋਗੀਆਂ ਨੂੰ ਦੁਖਦਾਈ ਘਰੇਲੂ ਪ੍ਰਭਾਵਾਂ ਤੋਂ ਦੂਰ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਗ਼ੈਰ-ਜ਼ਿੰਮੇਵਾਰੀ ਵਾਲੇ ਵਿਹਾਰ ਅਤੇ ਆਤਮ-ਹੱਤਿਆ ਦੇ ਵਿਚਾਰਾਂ ਤੋਂ ਵੀ ਬਚਾਇਆ ਜਾ ਸਕਦਾ ਹੈ। ਅਜਿਹੇ ਰੋਗ ਦੀ ਹਾਲਤ ਵਿਚ ਇਲਾਜ ਲਈ ਇਹ ਜ਼ਰੂਰੀ ਹੈ ਕਿ ਬਾਹਰਲੀ ਉਤੇਜਨਾ ਨੂੰ ਘਟਾਇਆ ਜਾਵੇ ਅਤੇ ਮਰੀਜ਼ ਦਾ ਵਿਸ਼ਵਾਸ ਵਧਾਇਆ ਜਾਵੇ। ਇਸ ਰੋਗ ਦਾ ਸਹੀ ਇਲਾਜ ਗੈਰ-ਜ਼ਰੂਰੀ ਰੁਕਾਵਟਾਂ ਅਤੇ ਤਣਾਓ ਪੈਦਾ ਕਰਨ ਵਾਲੇ ਸੋਮਿਆਂ ਨੂੰ ਖ਼ਤਮ ਕਰਨ ਵਿਚ ਅਤੇ ਵਾਤਾਵਰਨ ਤੋਂ ਉਤੇਜਨਾ ਭਰਪੂਰ ਕਾਰਕਾਂ ਨੂੰ ਦੂਰ ਕਰਨ ਵਿਚ ਹੁੰਦਾ ਹੈ।

ਕੁਝ ਮਨੋਰੋਗ ਵਿਗਿਆਨੀ ਮਨੋਵਿਗਿਆਨਕ ਇਲਾਜ ਦੀ ਸਿਫ਼ਾਰਸ਼ ਕਰਦੇ ਹਨ ਜਿਸ ਨਾਲ ਰੋਗੀ ਦੀ ਆਤਮ ਸੂਝ ਵਧਦੀ ਹੈ। ਰੋਗੀ ਦੇ ਸਵੈ-ਵਿਸ਼ਵਾਸ ਅਤੇ ਆਸ਼ਾਵਾਦੀ ਵਤੀਰੇ ਰਾਹੀਂ ਸਹਾਇਤਾ ਕੀਤੀ ਜਾ ਸਕਦੀ ਹੈ। ਹਲਕੇ ਕੇਸਾਂ ਵਿਚ ਰੋਗੀ ਨੂੰ ਆਪਣੀਆਂ ਯਾਦਾਂ ਜਾਂ ਨਿੱਜੀ ਆਤਮ-ਕਥਾਵਾਂ ਲਿਖਣ ਲਈ ਕਿਹਾ ਜਾਵੇ, ਰੋਗੀ ਨੂੰ ਕਿਸੇ ਉਘੇ ਚਿਕਿਤਸਕ ਮਨੋਵਿਗਿਆਨੀ ਨੂੰ ਦਿਖਾਇਆ ਜਾਵੇ ਅਤੇ ਉਸ ਨਾਲ ਸਲਾਹ ਮਸ਼ਵਰਾ ਕਰਕੇ ਕੌਂਸਲਿੰਗ ਕਰਵਾਈ ਜਾਵੇ ਤੇ ਮਾਨਸਿਕ ਕਸਰਤਾਂ ਕਰਵਾਈਆਂ ਜਾਣ।

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

CENTURY 21

ਸਿਆਟਲ ਜਾਂ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਬਹੁਤ ਹੀ ਇਮਾਨਦਾਰ ਰੀਅਲ ਅਸਟੇਟ ਬਰੋਕਰ ਇੰਦਰਜੀਤ ਸਿੰਘ ਨਾਲ ਸੰਪਰਕ ਕਰੋ-



**Inderjit Singh**

Cell : 425 420 4055

Fax : 425 670 3500

Office: 425 775 8525

Broker Lic # 134890

Email : inderjit.singh@century21.com

MLS

19020 33rd Ave W. #300 Lynnwood WA.98036.



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ



ਸਰਬਜੀਤ ਸਿੰਘ ਸਾਬੀ

ਯੂਬਾ ਸਿਟੀ (530-682-6370)



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ




**Preet Fabrics & Appliance**

5156 mowry AVE, Fremont. CA 94538

(M) 510-797-7111, (Fax) 510-739-6350


# ਅਵਾਮ ਉੱਤੇ ਡਿਜੀਟਲ ਸ਼ਿਕੰਜੇ ਦੀ ਪੈੜਚਾਲ

(ਸਫਾ 10 ਦੀ ਬਾਕੀ)

ਧਨ ਨੂੰ ਨੱਥ ਪਾਉਣ ਦੇ ਨਾਂ ਹੇਠ ਕੀਤੀ ਨੋਟਬੰਦੀ ਰਾਹੀਂ ਆਮ ਬੰਦੇ ਦੀ ਵਿਤੀ ਪਹੁੰਚ ਨੂੰ ਰਾਜ ਨੇ ਆਪਣੇ ਅਧਿਕਾਰ ਅਤੇ ਨਿਗਰਾਨੀ ਹੇਠ ਕਰ ਲਿਆ ਹੈ। ਨਵੇਂ ਨੋਟੀਫੀਕੇਸ਼ਨ ਤਹਿਤ ਡਿਜੀਟਲ ਸਰਵਿਸ ਪ੍ਰੋਵਾਈਡਰ ਕੰਪਨੀਆਂ ਹਰ ਵਰਤੋਂਕਾਰ ਦੇ ਹਰ ਡਿਜੀਟਲ ਯੰਤਰ ਵਿਚਲੇ ਨਿੱਜੀ ਡੇਟਾ ਨੂੰ ਸਰਕਾਰੀ ਏਜੰਸੀਆਂ ਦੇ ਹਵਾਲੇ ਕਰਨ ਦੀਆਂ ਪਾਬੰਦ ਹੋ ਜਾਣਗੀਆਂ। ਤੁਸੀਂ ਕਿਹੜੀਆਂ ਵੈੱਬਸਾਈਟਾਂ ਉਪਰ ਕਿਸ ਤਰ੍ਹਾਂ ਦੀ ਸਮੱਗਰੀ ਪੜ੍ਹਨ, ਦੇਖਣ, ਸੁਣਨ ਵਿਚ ਰੁਚੀ ਲੈਂਦੇ ਹੋ, ਇਹ ਇੰਟਰਨੈੱਟ ਜ਼ਰੀਏ ਪਹਿਲਾਂ ਹੀ ਸੀਥਆਈਥਏਥ, ਐੱਫ਼ਬੀਥਆਈਥ ਵਰਗੀਆਂ ਦੁਨੀਆਂ ਦੀਆਂ ਖ਼ੁਫ਼ੀਆ ਏਜੰਸੀਆਂ ਦੀ ਪਹੁੰਚ ਵਿਚ ਹੈ। ਤੁਹਾਡੀਆਂ ਆਨਲਾਈਨ ਸਰਗਰਮੀਆਂ ਕੀ ਹਨ, ਤੁਹਾਡੇ ਕਿਸ ਕਿਸ ਨਾਲ ਸੰਪਰਕ ਹਨ, ਅਤਿ ਸੂਖ਼ਮ ਸ਼ਕਤੀਸ਼ਾਲੀ ਸਾਫ਼ਟਵੇਅਰ ਓਪਰੇਸ਼ਨ ਰਾਹੀਂ ਉਹ ਹਰ ਜਾਣਕਾਰੀ ਆਪਣੇ ਆਪ ਹੀ ਇਨ੍ਹਾਂ ਏਜੰਸੀਆਂ ਕੋਲ ਪਹੁੰਚ ਰਹੀ ਹੈ ਜਿਸ ਦੀ ਉਹ ਨਿਗਰਾਨੀ ਕਰਨਾ ਚਾਹੁੰਦੀਆਂ ਹਨ।

ਭਾਰਤੀ ਹੁਕਮਰਾਨ ਅਮਰੀਕਾ ਅਤੇ ਇਜ਼ਰਾਈਲ ਦੇ ਨਕਸ਼ੇ-ਕਦਮ ਉਪਰ ਚੱਲਦਿਆਂ ਆਪਣੇ ਢਾਂਚੇ ਦੇ ਸ਼ਿਕੰਜੇ ਨੂੰ ਜ਼ਿਆਦਾ ਤਾਕਤਵਰ ਬਣਾਉਣ ਲੱਗੇ ਹੋਏ ਹਨ। 'ਰਾਸ਼ਟਰ ਦੀ ਸੁਰੱਖਿਆ' ਦੇ ਨਾਂ ਹੇਠ ਹਰ ਆਲੋਚਨਾ, ਹੁਕਮਰਾਨ ਧਿਰ ਨਾਲ ਅਸਹਿਮਤੀ ਰਾਜ ਦੇ ਹਮਲੇ ਦੀ ਮਾਰ ਹੇਠ ਹੈ। ਤਿੱਖੇ ਵਿਰੋਧ ਤੋਂ ਬਾਅਦ 24 ਮਾਰਚ 2015 ਨੂੰ ਸੁਪਰੀਮ ਕੋਰਟ ਨੇ ਆਈਥਟੀਥ ਐਕਟ ਦੇ ਸੈਕਸ਼ਨ 66-ਏ ਨੂੰ ਰੱਦ ਕਰ ਦਿੱਤਾ ਸੀ ਜਿਸ ਤਹਿਤ ਪੁਲੀਸ ਅਤੇ ਸੁਰੱਖਿਆ ਏਜੰਸੀਆਂ ਨੂੰ ਇਹ ਤਾਕਤ ਦੇ ਦਿੱਤੀ ਗਈ ਸੀ ਕਿ ਉਹ ਕਥਿਤ 'ਠੇਸ ਪਹੁੰਚਾਊ ਸਮੱਗਰੀ' ਆਨਲਾਈਨ ਪੋਸਟ ਕੀਤੇ ਜਾਣ ਨੂੰ ਗ੍ਰਿਫ਼ਤਾਰ ਕਰ ਸਕਦੀਆਂ ਸਨ (ਇਹ ਸੈਕਸ਼ਨ ਰੱਦ ਕਰਨ ਤੋਂ ਬਾਅਦ ਵੀ ਪੁਲੀਸ ਵਲੋਂ ਗ੍ਰਿਫ਼ਤਾਰੀ ਕਰਕੇ ਪਰਚੇ ਦਰਜ ਕੀਤੇ ਜਾ ਰਹੇ ਹਨ, ਬਾਅਦ ਵਿਚ ਉਚ ਪੁਲੀਸ ਅਧਿਕਾਰੀ ਇਹ ਕਹਿ ਕੇ ਜਵਾਬਦੇਹੀ ਤੋਂ ਮੁਕਤ ਹੋ ਜਾਂਦੇ ਹਨ ਕਿ ਹੇਠਲੇ ਅਧਿਕਾਰੀਆਂ ਨੂੰ ਇਹ ਸੈਕਸ਼ਨ ਰੱਦ ਕੀਤੇ ਜਾਣ ਦੀ ਜਾਣਕਾਰੀ ਨਹੀਂ)। ਉਸੇ ਢਾਂਚੇ ਨੂੰ ਹੋਰ ਵਿਆਪਕ ਅਤੇ ਖ਼ਤਰਨਾਕ ਰੂਪ ਦੇ ਕੇ ਲਿਆਂਦਾ ਜਾ ਰਿਹਾ ਹੈ। ਹੁਣ ਸੈਕਸ਼ਨ 79 ਤਹਿਤ ਖ਼ੁਫ਼ੀਆ ਏਜੰਸੀਆਂ ਅਤੇ ਪੁਲੀਸ ਕਿਸੇ ਨਾਗਰਿਕ ਦੇ ਨਿੱਜੀ ਡਿਜੀਟਲ ਯੰਤਰ ਵਿਚ ਮੌਜੂਦ ਜਾਂ ਉਸ ਜ਼ਰੀਏ ਅੱਗੇ ਸ਼ੇਅਰ ਕੀਤੀ ਕਿਸੇ ਵੀ ਪੋਸਟ, ਵੀਡੀਓ ਜਾਂ ਆਡੀਓ ਕਲਿੱਪ ਨੂੰ 'ਰਾਸ਼ਟਰ ਦੀ ਸੁਰੱਖਿਆ ਦੇ ਖ਼ਿਲਾਫ਼' ਕਰਾਰ ਦੇ ਕੇ ਉਸ ਨੂੰ ਗ੍ਰਿਫ਼ਤਾਰ ਕਰ ਸਕਣਗੀਆਂ। ਹੁਣ ਉਨ੍ਹਾਂ ਨੂੰ ਪ੍ਰੋਫੈਸਰ ਸਾਈ ਬਾਬਾ, ਗੌਤਮ ਨਵਲੱਖਾ, ਵਰਵਰਾ ਰਾਓ ਵਰਗੇ ਬੁੱਧੀਜੀਵੀਆਂ/ਕਾਰਕੁਨਾਂ ਦੇ ਕੰਪਿਊਟਰਾਂ, ਡੇਟਾ ਸਟੋਰੇਜ਼ ਡਿਵਾਈਸਾਂ ਦੇ ਅਦਾਲਤੀ ਵਾਰੰਟ ਲੈ ਕੇ ਤਲਾਸ਼ੀ ਲੈਣ ਦੀ ਜ਼ਰੂਰਤ ਨਹੀਂ ਪਵੇਗੀ। ਪਹਿਲਾਂ ਹੀ ਹਰ ਚੀਜ਼ ਉਨ੍ਹਾਂ ਦੀ ਪਹੁੰਚ, ਅਧਿਕਾਰ ਅਤੇ ਨਿਗਰਾਨੀ ਵਿਚ ਹੋਵੇਗੀ। ਉਨ੍ਹਾਂ ਨੇ ਬਸ ਇਹੀ ਤੈਅ ਕਰਨਾ ਹੈ ਕਿ ਕਿਸ ਉਪਰ ਕਦੋਂ ਝਪਟਣਾ ਹੈ। ਅਜੇ ਇਸ ਨੋਟੀਫੀਕੇਸ਼ਨ ਉਪਰ ਅਮਲ ਸ਼ੁਰੂ ਹੋਣਾ ਹੈ। ਪਹਿਲਾਂ ਹੀ ਆਲੋਚਕਾਂ ਨੂੰ ਫੜ ਫੜ ਕੇ ਜੇਲ੍ਹਾਂ ਵਿਚ ਤੁੰਨਿਆ ਜਾ ਰਿਹਾ ਹੈ। ਜਦੋਂ ਇਸ ਨੋਟੀਫੀਕੇਸ਼ਨ ਉਪਰ ਅਮਲ ਸ਼ੁਰੂ ਹੋ ਗਿਆ, ਉਦੋਂ ਹਮਲਾ ਕਿੰਨਾ ਵਸੀਹ ਪੈਮਾਨੇ 'ਤੇ ਹੋਵੇਗਾ, ਇਸ ਖ਼ਤਰੇ ਨੂੰ ਮਨੀਪੁਰ ਦੇ ਪੱਤਰਕਾਰ ਦੀ ਗ੍ਰਿਫ਼ਤਾਰੀ ਤੋਂ ਸਮਝਿਆ ਜਾ ਸਕਦਾ ਹੈ। ਪੱਤਰਕਾਰ ਕਿਸ਼ੋਰ ਚੰਦਰ ਵਾਂਗਖੇਮ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ। 26 ਨਵੰਬਰ ਨੂੰ ਇਸ ਪੱਤਰਕਾਰ ਨੇ ਸੋਸ਼ਲ ਮੀਡੀਆ ਉਪਰ ਵੀਡੀਓ ਕਲਿੱਪ ਪੋਸਟ ਕੀਤਾ ਸੀ ਜਿਸ ਵਿਚ ਮਨੀਪੁਰ ਦੀ ਐੱਨਥ ਬਿਰੇਨ ਸਰਕਾਰ ਅਤੇ ਮੋਦੀ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਸੀ। ਅਦਾਲਤ ਨੇ ਉਸ ਵਿਰੁਧ ਰਾਜਧ੍ਰੋਹ ਦੇ ਇਲਜ਼ਾਮ ਰੱਦ ਕਰਦਿਆਂ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ। ਚੌਵੀ ਘੰਟੇ ਬਾਅਦ ਹੀ ਪੁਲੀਸ ਨੇ ਐੱਨਥਐੱਸ਼ਏਥ ਲਗਾ ਕੇ ਉਸ ਨੂੰ ਮੁੜ ਗ੍ਰਿਫ਼ਤਾਰ ਕਰ ਲਿਆ, ਤੇ ਮੁੱਖ ਮੰਤਰੀ ਕਹਿ ਰਿਹਾ ਹੈ ਕਿ ਉਹ ਆਲੋਚਨਾ ਸਹਾਰ ਸਕਦਾ ਹੈ ਲੇਕਿਨ ਮੋਦੀ ਵਰਗੇ 'ਕੌਮੀ ਨਾਇਕਾਂ' ਦੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰੇਗਾ!

ਇਹ ਰੋਕਾਂ ਅਤੇ ਬੰਦਸ਼ਾਂ ਸਿਰਫ਼ ਸਥਾਪਤੀ ਵਿਰੋਧੀਆਂ ਲਈ ਹਨ। ਹਾਕਮਾਂ ਨਾਲ ਜੁੜੇ ਆਗੂKਕਾਰਕੁਨ ਪਹਿਲਾਂ ਹੀ ਪੂਰੀ ਤਰ੍ਹਾਂ ਵਿਉਂਤਬਧ ਤਰੀਕੇ ਨਾਲ ਸੋਸ਼ਲ ਮੀਡੀਆ ਪਲੈਟਫਾਰਮਾਂ ਰਾਹੀਂ ਘੱਟਗਿਣਤੀਆਂ, ਕੱਟੜਪੰਥੀਆਂ ਨਾਲ ਅਸਹਿਮਤੀ ਰੱਖਣ ਵਾਲਿਆਂ ਅਤੇ ਇਨਸਾਫ਼ਪਸੰਦ ਤਾਕਤਾਂ ਖ਼ਿਲਾਫ਼ ਨਫ਼ਰਤ ਅਤੇ ਹਿੰਸਾ ਭੜਕਾ ਰਹੇ ਹਨ, ਲੇਕਿਨ ਆਈਥਟੀਥ ਐਕਟ ਉਨ੍ਹਾਂ ਉਪਰ ਕਦੇ ਲਾਗੂ ਨਹੀਂ ਕੀਤਾ ਜਾਂਦਾ। ਮਨੁੱਖ ਦੀ ਨਿੱਜਤਾ ਅਤੇ ਮਨੁੱਖੀ ਆਜ਼ਾਦੀ ਦੇ ਨਜ਼ਰੀਏ ਤੋਂ ਇਹ ਬਹੁਤ ਹੀ ਖ਼ਤਰਨਾਕ ਹਮਲਾ ਹੈ। ਇਸ ਖ਼ਤਰਨਾਕ ਹਮਲੇ ਬਾਰੇ ਨਾਗਰਿਕਾਂ ਨੂੰ ਸੁਚੇਤ ਹੋਣ ਦੀ ਲੋੜ ਹੈ।

# ਦੱਖਣੀ ਏਸ਼ੀਆ 'ਚ ਜਮਹੂਰੀਅਤ ਦੀਆਂ ਜੜ੍ਹਾਂ ਡੂੰਘੀਆਂ ਹੋਈਆਂ

(ਸਫਾ 17 ਦੀ ਬਾਕੀ)

ਅਰਬ ਡਾਲਰ ਕਰਜ਼ ਦੇਣ ਦਾ ਭਰੋਸਾ ਦਿੱਤਾ ਹੈ, ਹਾਲਾਂਕਿ ਬੰਗਲਾਦੇਸ਼ੀ ਅਧਿਕਾਰੀਆਂ ਨੇ ਸਾਫ਼ ਕੀਤਾ ਕਿ ਉਨ੍ਹਾਂ ਦਾ ਮੁਲਕ ਪਾਕਿਸਤਾਨ ਤੇ ਸ੍ਰੀਲੰਕਾ ਵਾਂਗ ਚੀਨੀ 'ਕਰਜ਼ ਜਾਲ' ਵਿਚ ਫਸਣ ਵਾਲਾ ਨਹੀਂ ਹੈ। ਉੱਥ ਬੰਗਲਾਦੇਸ਼ ਨੇ ਰੋਹਿੰਗਿਆ ਸ਼ਰਨਾਰਥੀਆਂ ਦੀ ਮਿਆਂਮਾਰ ਨੂੰ ਵਾਪਸੀ ਦੇ ਮਸਲੇ ਦਾ ਸੁਖਾਵਾਂ ਹੱਲ ਕੱਢਣ ਦੀਆਂ ਚੀਨੀ ਕੋਸ਼ਿਸ਼ਾਂ ਦਾ ਸਵਾਗਤ ਕੀਤਾ ਹੈ। ਸ਼ੇਖ ਹਸੀਨਾ ਨੇ ਨਾਲ ਹੀ ਸਾਫ਼ ਕੀਤਾ ਕਿ ਉਨ੍ਹਾਂ ਦਾ ਮੁਲਕ ਅਮਰੀਕਾ ਤੇ ਚੀਨੀ ਖਹਿਬਾਜ਼ੀ ਵਿਚ ਕੋਈ ਸ਼ਮੂਲੀਅਤ ਨਹੀਂ ਕਰੇਗਾ। ਉਨ੍ਹਾਂ ਆਖਿਆ, ''ਸਾਡੀ ਵਿਦੇਸ਼ ਨੀਤੀ ਬੜੀ ਸਾਫ਼ ਹੈ। ਅਸੀਂ ਹਰੇਕ ਨਾਲ ਦੋਸਤਾਨਾ ਰਿਸ਼ਤੇ ਚਾਹੁੰਦੇ ਹਾਂ। ਚੀਨ ਤੇ ਅਮਰੀਕਾ ਦਰਮਿਆਨ ਜੋ ਚੱਲ ਰਿਹਾ ਹੈ, ਉਨ੍ਹਾਂ ਦਾ ਮਾਮਲਾ ਹੈ।'' ਪਰ ਚੀਨ ਦੀਆਂ ਬੰਗਲਾਦੇਸ਼ ਪ੍ਰਤੀ ਤਰਜੀਹਾਂ ਦੀ ਬਿੱਲੀ ਉਦੋਂ ਥੈਲਿਉਂ ਬਾਹਰ ਆ ਗਈ, ਜਦੋਂ ਖ਼ਾਲਿਦਾ ਜ਼ਿਆ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ 14 ਅਕਤੂਬਰ, 2016 ਨੂੰ ਬੰਗਲਾਦੇਸ਼ ਫੇਰੀ ਦੌਰਾਨ ਉਨ੍ਹਾਂ ਨਾਲ ਮੁਲਾਕਾਤ ਕੀਤੀ। ਮੀਟਿੰਗ ਤੋਂ ਬਾਅਦ ਢਾਕਾ ਸਥਿਤ ਚੀਨੀ ਸਫ਼ਾਰਤਖਾਨੇ ਵੱਲੋਂ ਜਾਰੀ ਬਿਆਨ ਵਿਚ ਆਖਿਆ ਗਿਆ: ''ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਬੀਐਨਪੀ ਨੇ ਸਾਲਾਂ ਤੱਕ ਚੀਨ ਨਾਲ ਗੂੜ੍ਹੀ ਦੋਸਤੀ ਕਾਇਮ ਰੱਖੀ ਹੈ।'' ਚੀਨ ਨੇ 'ਦਖ਼ਲ ਨਾ ਦੇਣ' ਦੇ ਦਾਅਵਿਆਂ ਦੇ ਬਾਵਜੂਦ ਸ੍ਰੀਲੰਕਾ ਤੇ ਮਾਲਦੀਵ ਵਰਗੇ ਮੁਲਕਾਂ ਦੀ ਅੰਦਰੂਨੀ ਸਿਆਸਤ ਵਿਚ ਸਾਫ਼ ਤੌਰ 'ਤੇ ਦਖ਼ਲਅੰਦਾਜ਼ੀਆਂ ਕੀਤੀਆਂ ਹਨ, ਜਿਥੇ ਚੀਨੀ ਤੇ ਪਾਕਿਸਤਾਨੀ ਸਿਆਸੀ ਤਰਜੀਹਾਂ ਇਕ ਤਰ੍ਹਾਂ ਬਿਲਕੁਲ ਸਾਫ਼ ਹਨ। ਸ਼ੇਖ ਹਸੀਨਾ ਤੇ ਉਨ੍ਹਾਂ ਦੀ ਅਵਾਮੀ ਲੀਗ ਨੇ ਬੀਤੇ ਦਹਾਕੇ ਦੌਰਾਨ ਹੋਏ ਜ਼ੋਰਦਾਰ ਆਰਥਿਕ ਵਿਕਾਸ ਦੇ ਆਧਾਰ 'ਤੇ ਮੁਲਕ ਦੇ ਵੋਟਰਾਂ ਤੱਕ ਪਹੁੰਚ ਕੀਤੀ ਹੈ। ਦੂਜੇ ਪਾਸੇ, ਇਕਮੁੱਠ ਵਿਰੋਧੀ ਧਿਰ ਵੱਲੋਂ ਤਾਨਾਸ਼ਾਹੀ ਵਾਲੀ ਹਕੂਮਤ ਦੇ ਦੋਸ਼ ਲਾਉਂਦਿਆਂ ਖੜ੍ਹੇ ਕੀਤੇ ਖ਼ਤਰੇ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

# ਲੋਕਤੰਤਰ ਦਾ ਧੁਰਾ: ਵੋਟ ਬੈਂਕ ਜਾਂ ਵਿਅਕਤੀਗਤ ਅਧਿਕਾਰ

(ਸਫਾ 15 ਦੀ ਬਾਕੀ)

ਮੁੱਖ ਬਣ ਗਈ। ਸ਼ੁਰੂ ਵਿਚ ਤਾਂ ਰਾਜਨੀਤਿਕ ਪਾਰਟੀਆਂ ਇੱਥੇ ਤੱਕ ਹੀ ਸੀਮਤ ਸਨ ਕਿ ਸਮਾਜ ਦੇ ਬਾਕੀ ਵਰਗਾਂ ਦੇ ਮੁਕਾਬਲੇ ਆਪੋ-ਆਪਣੇ ਸਮੂਹ (ਵੋਟ ਬੈਂਕ) ਅੰਦਰ ਕੁੱਝ ਅਸਲੀਅਤ ਤੇ ਕੁੱਝ ਕਲਪਨਿਕ ਉਮੀਦਾਂ ਜਗਾਈ ਰੱਖਣੀਆਂ ਹਨ ਪਰ ਫਿਰ ਇਨ੍ਹਾਂ ਪਾਰਟੀਆਂ ਨੇ ਆਪਣੇ ਵੋਟ ਬੈਂਕ ਨੂੰ ਕਿਸੇ ਵੀ ਕੀਮਤ 'ਤੇ ਬਣਾਈ ਰੱਖਣ ਲਈ ਸਮਾਜ ਦੇ ਦੂਸਰੇ ਵਰਗਾਂ ਪ੍ਰਤੀ ਨਵੀਆਂ ਨਵੀਆਂ ਮਿੱਥਾਂ ਘੜ ਕੇ ਨਾ ਸਿਰਫ਼ ਨਫ਼ਰਤ ਪੈਦਾ ਕੀਤੀ ਗਈ ਸਗੋਂ ਉਨ੍ਹਾਂ ਨੂੰ ਆਪਣੀ ਗੁਰਬਤ ਜਾਂ ਹੋਰ ਸਮੱਸਿਆਵਾਂ ਦਾ ਜ਼ਿੰਮੇਵਾਰ ਮੰਨਦੇ ਹੋਏ ਹਿੰਸਾ ਕਰਨ ਲਈ ਉਤਸ਼ਾਹਤ ਕੀਤਾ ਗਿਆ। ਇਉਂ ਭਿਆਨਕ ਦੰਗੇ ਫੈਲੇ। ਇੱਥੇ ਹੀ ਬੱਸ ਨਹੀਂ, ਹਰ ਤਰ੍ਹਾਂ ਦੀ ਹਿੰਸਾ ਨੂੰ ਨਾ ਸਿਰਫ਼ ਵਾਜਬ ਠਹਿਰਾਇਆ ਗਿਆ। ਜਿਸ ਨੇ ਵੀ ਇਸ ਵਿਚ ਹਿੱਸਾ ਲਿਆ, ਉਸ ਨੂੰ ਆਪਣੇ ਗਰੁੱਪ ਦੇ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਇਨ੍ਹਾਂ ਘਟਨਾਵਾਂ ਨੂੰ ਮਹਾਨ ਦੱਸਿਆ ਗਿਆ। ਇਸ ਤਰ੍ਹਾਂ ਗਰੁਪਾਂ ਦਾ ਇਹ ਵਰਤਾਉ ਆਮ ਸਮਾਜੀ ਵਰਤਾਰਾ ਬਣ ਗਿਆ ਜਿਸ ਵਿਚ ਵਿਅਕਤੀ ਵਿਸ਼ੇਸ਼ ਦੇ ਅਧਿਕਾਰਾਂ ਲਈ ਤਾਂ ਕੋਈ ਥਾਂ ਬਚਦਾ ਹੀ ਨਹੀਂ ਸੀ। ਜੇ ਕੋਈ ਆਪਣੇ ਅਧਿਕਾਰਾਂ ਦੀ ਬਾਤ ਪਾਉਣ ਦੀ ਕੋਸ਼ਿਸ ਕਰਦਾ ਹੈ ਤਾਂ ਉਸ ਦੀ ਹੱਤਿਆ ਕਰਾ ਦਿੱਤੀ ਗਈ। ਡਾ. ਦਾਭੋਲਕਰ, ਗੋਵਿੰਦਪੰਸਾਰੇ, ਪ੍ਰੋ. ਕੁਲਬਰਗੀ ਅਤੇ ਗੌਰੀ ਲੰਕੇਸ਼ ਦੀਆਂ ਹੱਤਿਆਵਾਂ ਇਸੇ ਕੜੀ ਵਿਚ ਦੇਖੀਆਂ ਜਾ ਸਕਦੀਆਂ ਹਨ। ਸਿਤਮਜ਼ਰੀਫ਼ੀ ਇਹ ਹੈ ਕਿ ਜ਼ਿਆਦਾਤਰ ਬੁੱਧੀਜੀਵੀਆਂ ਨੇ ਵੀ ਭਾਰਤੀ ਨੇਤਾਵਾਂ ਦੇ ਇਸ ਨਵੇਂ ਸਿਰਜੇ ਤੌਰ-ਤਰੀਕੇ ਨੂੰ ਬੇਪਰਦ ਕਰਨ ਦੀ ਥਾਂ ਵੋਟ ਬੈਂਕ ਨੂੰ ਭਾਰਤੀ ਲੋਕਤੰਤਰ ਦੀ ਅਨਿੱਖੜਵੀਂ ਧਾਰਨਾ ਮੰਨਦੇ ਹੋਏ ਇਸ ਮੁਤਾਬਿਕ ਹੀ ਚੋਣ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੱਤਾ; ਜਿਵੇਂ, ਕਿਸ ਧਰਮ ਜਾਂ ਜਾਤੀ ਦੇ ਲੋਕਾਂ ਨੇ ਕਿਸ ਪਾਰਟੀ ਨੂੰ ਵੋਟ ਪਾਈ ਜਿਸ ਨਾਲ ਸਮਾਜ ਦੇ ਵੱਖ ਵੱਖ ਵਰਗਾਂ ਵਿਚ ਪਹਿਲਾਂ ਤੋਂ ਹੀ ਰਾਜਨੀਤਿਕ ਪਾਰਟੀਆਂ ਵਲੋਂ ਪੈਦਾ ਕੀਤੇ ਜਾ ਰਹੇ ਪਾੜੇ ਜਾਂ ਨਫ਼ਰਤ ਨੂੰ ਹੋਰ ਬਲ ਮਿਲਿਆ।

# ਸਿੱਖ ਭਾਈਚਾਰੇ ਦੀ ਕੈਨੇਡਾ ਨਾਲ ਨਾਰਾਜ਼ਗੀ

(ਸਫਾ 8 ਦੀ ਬਾਕੀ)

ਪ੍ਰੀਪੇਅਰਡਨੈੱਸ (ਜਨਤਕ ਸੁਰੱਖਿਆ ਅਤੇ ਐਮਰਜੈਂਸੀ ਪ੍ਰਬੰਧਨ) ਮੰਤਰੀ ਰਾਲਫ ਗੁਡੇਲ ਨੇ 11 ਦਸੰਬਰ ਨੂੰ 'ਕੱਟੜਤਾ ਦੇ ਹਿੰਸਕ ਰੂਪ ਧਾਰਨ ਨੂੰ ਰੋਕਣ ਸਬੰਧੀ ਕੌਮੀ ਰਣਨੀਤੀ' ਦੇ ਨਾਲ ਹੀ ਇਹ ਪਬਲਿਕ ਰਿਪੋਰਟ ਜਾਰੀ ਕੀਤੀ। ਇਨ੍ਹਾਂ ਦੋਵਾਂ ਦਸਤਾਵੇਜ਼ਾਂ ਦਾ ਮਕਸਦ ਸੁਰੱਖਿਆ ਮਾਮਲਿਆਂ ਦੇ ਪ੍ਰਬੰਧਨ ਵਿਚ ਵਧੇਰੇ ਪਾਰਦਰਸ਼ਤਾ ਲਿਆਉਣਾ ਹੈ। ਦਰਅਸਲ, ਕੌਮੀ ਰਣਨੀਤੀ (ਨੈਸ਼ਨਲ ਸਟਰੈਟਜੀ) 'ਕੈਨੇਡਾ ਸੈਂਟਰ ਆਨ ਕਮਿਊਨਿਟੀ ਐਂਗੇਜਮੈਂਟ ਐਂਡ ਪ੍ਰੀਵੈਂਸ਼ਨ ਆਫ ਵਾਇਲੈਂਸ' (ਕੈਨੇਡਾ ਭਾਈਚਾਰਕ ਮੇਲਜੋਲ ਤੇ ਹਿੰਸਾ ਦੀ ਰੋਕਥਾਮ ਬਾਰੇ ਕੇਂਦਰ) ਜਿਸ ਨੂੰ ਕੈਨੇਡਾ ਸੈਂਟਰ ਵੀ ਆਖਿਆ ਜਾਂਦਾ ਹੈ, ਨੇ ਜਨਤਕ ਤੌਰ 'ਤੇ ਬਹਿਸ ਕਰਾ ਕੇ ਤਿਆਰ ਕੀਤੀ ਸੀ।

ਕੌਮੀ ਰਣਨੀਤੀ (ਨੈਸ਼ਨਲ ਸਟਰੈਟਜੀ) ਰਿਪੋਰਟ ਵਿਚ ਭਾਵੇਂ ਸਿੱਖ ਇੰਤਹਾਪਸੰਦੀ ਦਾ ਕੋਈ ਜ਼ਿਕਰ ਨਹੀਂ ਹੈ ਪਰ ਪਬਲਿਕ ਰਿਪੋਰਟ ਵਿਚ ਕੈਨੇਡਾ ਨੂੰ ਦਰਪੇਸ਼ ਪੰਜ 'ਮੌਜੂਦਾ ਖ਼ਤਰਿਆਂ' ਦਾ ਜ਼ਿਕਰ ਕੀਤਾ ਗਿਆ ਹੈ ਜਿਹੜੇ ਇਉਂ ਹਨ: 'ਸੁੰਨੀ ਇਸਲਾਮੀ ਇੰਤਹਾਪਸੰਦੀ', 'ਸੱਜੇ ਪੱਖੀ ਇੰਤਹਾਪਸੰਦੀ', 'ਸਿੱਖ (ਖ਼ਾਲਿਸਤਾਨ) ਇੰਤਹਾਪਸੰਦੀ', 'ਸ਼ੀਆ ਇੰਤਹਾਪਸੰਦੀ' ਅਤੇ 'ਕੈਨੇਡੀਅਨ ਇੰਤਹਾਪਸੰਦ ਸੈਲਾਨੀ'। ਇਨ੍ਹਾਂ ਵਿਚੋਂ ਸਿੱਖ ਇੰਤਹਾਪਸੰਦੀ ਬਾਰੇ ਸਭ ਤੋਂ ਘੱਟ ਵਿਆਖਿਆ ਕੀਤੀ ਗਈ ਹੈ। ਇਸ ਵਿਚ ਸਿੱਖ ਇੰਤਹਾਪਸੰਦਾਂ ਦੇ ਹਿੰਸਕ ਅਤੀਤ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਏਅਰ ਇੰਡੀਆ ਦੇ ਜਹਾਜ਼ ਵਿਚ 1985 ਵਿਚ ਕੀਤਾ ਗਿਆ ਧਮਾਕਾ ਵੀ ਸ਼ਾਮਲ ਹੈ ਜਿਸ ਕਾਰਨ 331 ਜਾਨਾਂ ਜਾਂਦੀਆਂ ਰਹੀਆਂ ਸਨ। ਰਿਪੋਰਟ ਵਿਚ ਮੰਨਿਆ ਗਿਆ ਹੈ ਕਿ ਖ਼ਾਲਿਸਤਾਨ ਲਹਿਰ ਦੀ ਹਮਾਇਤ 'ਚ ਹੋਣ ਵਾਲੇ ਹਮਲਿਆਂ ਦੀ ਗਿਣਤੀ ਘਟ ਗਈ ਹੈ। ਇਸ ਦੇ ਬਾਵਜੂਦ, ਇਸ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਵਿਚਲੀਆਂ ਦੋ ਮੁੱਖ ਸਿੱਖ ਜਥੇਬੰਦੀਆਂ (ਬੱਬਰ ਖ਼ਾਲਸਾ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ-ਆਈਐਸਵਾਈਐਫ਼) ਦਹਿਸ਼ਤਗਰਦੀ ਨਾਲ ਜੁੜੀਆਂ ਰਹਿਣ ਕਾਰਨ 'ਕ੍ਰਿਮੀਨਲ ਕੋਡ' ਤਹਿਤ 'ਹਾਲੇ ਵੀ ਦਹਿਸ਼ਤੀ ਜਥੇਬੰਦੀਆਂ' ਦੀ ਸੂਚੀ ਵਿਚ ਸ਼ਾਮਲ ਹਨ।

ਇਸ 'ਤੇ ਸਿੱਖ ਭਾਈਚਾਰੇ ਵੱਲੋਂ ਭਾਰੀ ਰੋਹ ਜ਼ਾਹਰ ਕੀਤੇ ਜਾਣ ਤੋਂ ਬਾਅਦ ਗੁਡੇਲ ਨੇ 14 ਦਸੰਬਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਦਾ ਮੰਤਰਾਲਾ ਰਿਪੋਰਟ ਵਿਚ 'ਸਿੱਖ ਜਥੇਬੰਦੀਆਂ ਦੀ ਕੀਤੀ ਗਈ ਵਿਆਖਿਆ ਉਤੇ ਮੁੜ-ਗ਼ੌਰ' ਕਰੇਗਾ। ਉਨ੍ਹਾਂ ਨੂੰ 'ਭਰੋਸਾ ਸੀ ਕਿ ਜਿਨ੍ਹਾਂ ਸੁਰੱਖਿਆ ਅਧਿਕਾਰੀਆਂ ਨੇ ਕੈਨੇਡਾ ਨੂੰ ਦਰਪੇਸ਼ ਦਹਿਸ਼ਤਗਰਦੀ ਦੇ ਖ਼ਤਰੇ ਬਾਰੇ 2018 ਦੀ ਇਹ ਰਿਪੋਰਟ ਤਿਆਰ ਕੀਤੀ ਹੈ, ਉਨ੍ਹਾਂ ਵੱਲੋਂ ਸਿੱਖ, ਸ਼ੀਆ ਅਤੇ ਸੁੰਨੀ ਦਹਿਸ਼ਤਗਰਦੀ ਦੇ ਕੀਤੇ ਜ਼ਿਕਰ ਦਾ ਮਤਲਬ ਇਨ੍ਹਾਂ ਧਰਮਾਂ ਨੂੰ ਸਮੁੱਚੇ ਤੌਰ 'ਤੇ ਬਦਨਾਮ ਕਰਨਾ ਨਹੀਂ ਸੀ ਪਰ ਤਾਂ ਵੀ ਉਹ ਇਨ੍ਹਾਂ ਅਧਿਕਾਰੀਆਂ ਨੂੰ ਤਬਦੀਲੀਆਂ ਕਰਨ ਲਈ ਆਖਣਗੇ ਤਾਂ ਕਿ ਸਥਿਤੀ ਹੋਰ ਸਪਸ਼ਟ ਹੋ ਸਕੇ।'

ਵਿਰੋਧ ਵਿਚ ਸਿੱਖ ਭਾਈਚਾਰੇ ਵਲੋਂ ਦਿੱਤੀਆਂ ਜਾ ਰਹੀਆਂ ਦਲੀਲਾਂ: ਸਿੱਖ ਭਾਈਚਾਰੇ ਨੇ ਇਸ ਦਾ ਵਿਰੋਧ ਕਰਦਿਆਂ ਆਖਿਆ ਕਿ ਇਹ ਪਹਿਲੀ ਵਾਰ ਹੈ ਜਦੋਂ ਦਹਿਸ਼ਤਗਰਦੀ ਸਬੰਧੀ ਕਿਸੇ ਸਾਲਾਨਾ ਰਿਪੋਰਟ ਵਿਚ ਕੋਈ ਨਵਾਂ ਸਬੂਤ ਦਿੱਤੇ ਬਿਨਾਂ ਸਿੱਖ ਇੰਤਹਾਪਸੰਦੀ ਦਾ ਜ਼ਿਕਰ ਕੀਤਾ ਗਿਆ ਹੈ। ਭਾਈਚਾਰੇ ਨੇ ਆਖਿਆ ਕਿ ਇਸ ਵਿਚ ਜਿਸ ਇਕੋ-ਇਕ ਘਟਨਾ ਦਾ ਜ਼ਿਕਰ ਕੀਤਾ ਗਿਆ, ਉਹ 1985 ਦਾ ਕਨਿਸ਼ਕ ਕਾਂਡ ਹੈ।

ਭਾਈਚਾਰੇ ਦੇ ਆਗੂਆਂ ਦਾ ਕਹਿਣਾ ਸੀ, "ਵਰਤੀ ਗਈ ਭਾਸ਼ਾ ਦਾ ਮੁੜ-ਮੁਲੰਕਣ ਚੰਗੀ ਗੱਲ ਹੈ ਪਰ ਇਹ ਮਾਮਲਾ ਰਿਪੋਰਟ ਵਿਚ ਹੋਣਾ ਹੀ ਬਹੁਤ ਪ੍ਰੇਸ਼ਾਨ ਕਰਨ ਵਾਲਾ ਹੈ, ਕਿਉਂਕਿ ਤਿੰਨ ਦਹਾਕੇ ਪਹਿਲਾਂ ਵਾਪਰੀ ਘਟਨਾ ਦਾ ਹਵਾਲਾ ਇਥੇ ਦੇਣ ਦੀ ਕੋਈ ਤੁਕ ਨਹੀਂ ਬਣਦੀ।" ਕੁਝ ਮਾਹਿਰਾਂ ਨੇ ਇਸ ਗੱਲ ਵੱਲ ਵੀ ਧਿਆਨ ਦਿਵਾਇਆ ਕਿ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਤਿਆਰ 2017 ਦੀ ਰਿਪੋਰਟ, ਜਿਹੜੀ 2018 ਵਿਚ ਜਾਰੀ ਕੀਤੀ ਗਈ, ਵਿਚ ਕਿਸੇ ਵੀ ਸਿੱਖ ਇੰਤਹਾਪਸੰਦ ਜਥੇਬੰਦੀ ਦਾ ਜ਼ਿਕਰ ਨਹੀਂ ਕੀਤਾ ਗਿਆ।

ਸਿੱਖ ਭਾਈਚਾਰੇ ਨੇ ਪਬਲਿਕ ਰਿਪੋਰਟ ਵਿਚਲੇ ਉਸ ਹਵਾਲੇ ਦਾ ਵੀ ਵਿਰੋਧ ਕੀਤਾ ਜਿਸ ਵਿਚ ਕਿਹਾ ਗਿਆ ਹੈ: "ਇੰਨਾ ਹੀ ਨਹੀਂ, ਸ਼ੀਆ ਅਤੇ ਸਿੱਖ (ਖ਼ਾਲਿਸਤਾਨੀ) ਇੰਤਹਾਪਸੰਦੀ ਇਸ ਕਾਰਨ ਵੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਭਾਵੇਂ ਕੈਨੇਡਾ ਵਿਚ ਉਨ੍ਹਾਂ ਦੇ ਹਮਲੇ ਬਿਲਕੁਲ ਹੀ ਘੱਟ ਹਨ ਪਰ ਕੁਝ ਕੈਨੇਡੀਅਨ ਲਗਾਤਾਰ ਇਨ੍ਹਾਂ ਇੰਤਹਾਪਸੰਦ ਗਰੁੱਪਾਂ ਨੂੰ ਸਹਿਯੋਗ ਦੇ ਰਹੇ ਹਨ, ਜਿਸ ਵਿਚ ਮਾਇਕ ਮਦਦ ਵੀ ਸ਼ਾਮਲ ਹੈ।" ਸਿੱਖ ਭਾਈਚਾਰੇ ਦਾ ਦੋਸ਼ ਹੈ ਕਿ ਇਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਤੇ ਉਨ੍ਹਾਂ ਦੀ ਭਾਰਤ ਫੇਰੀ ਦੌਰਾਨ ਭਾਰਤ ਵੱਲੋਂ ਪਾਏ ਗਏ ਦਬਾਅ ਦਾ ਸਿੱਟਾ ਹੈ।

ਕੈਨੇਡੀਅਨ ਮੀਡੀਆ ਨੇ ਵੀ ਨਾਲ ਦੀ ਨਾਲ ਆਖਿਆ ਹੈ ਕਿ ਸ੍ਰੀ ਟਰੂਡੋ ਨੇ "ਆਪਣੀ ਭਾਰਤ ਫੇਰੀ ਦੌਰਾਨ ਬਹੁਤਾ ਜ਼ੋਰ ਇਨ੍ਹਾਂ ਦੋਸ਼ਾਂ ਨੂੰ ਖ਼ਾਰਜ ਕਰਨ ਸਬੰਧੀ ਕੰਮ ਕਰਨ 'ਤੇ ਦਿੱਤਾ ਕਿ ਕੈਨੇਡਾ ਖ਼ਾਲਿਸਤਾਨੀ ਦਹਿਸ਼ਤਗਰਦੀ ਲਈ ਸੁਰੱਖਿਅਤ ਟਿਕਾਣਾ ਹੈ। ਇਸ ਫੇਰੀ ਦੇ ਅਖ਼ੀਰ ਉਤੇ ਉਨ੍ਹਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਹਿੰਦੂ ਹਨ, ਨਾਲ ਇਕ ਸੁਰੱਖਿਆ ਢਾਂਚੇ ਲਈ ਹਾਮੀ ਭਰੀ। ਇਸ ਰਾਹੀਂ ਉਨ੍ਹਾਂ ਨੇ ਦਹਿਸ਼ਤਗਰਦੀ ਦੇ ਖ਼ਾਤਮੇ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿਚ ਵੱਖ ਵੱਖ ਸਿੱਖ ਇੰਤਹਾਪਸੰਦ ਜਥੇਬੰਦੀਆਂ ਵੀ ਸ਼ਾਮਲ ਹਨ।"

ਓਂਟਾਰੀਓ ਦੇ 'ਦਿ ਲੰਡਨ ਫ਼ਰੀ ਪ੍ਰੈਸ' ਨੇ ਆਪਣੇ 12 ਦਸੰਬਰ ਦੇ ਅੰਕ ਵਿਚ ਇਸ ਮੁਤੱਲਕ ਸਿੱਖਾਂ ਦੇ ਰੋਹ ਤੇ ਤੌਖ਼ਲਿਆਂ ਦੇ ਹੋਰ ਕਾਰਨ ਵੀ ਗਿਣਾਏ ਹਨ। ਇਸ ਮੁਤਾਬਕ ਸਿੱਖਾਂ ਨੂੰ ਡਰ ਹੈ ਕਿ ਇਸ ਕਾਰਨ ਉਨ੍ਹਾਂ ਨੂੰ ਇਸਲਾਮਫੋਬੀਆ (ਇਸਲਾਮKਮੁਸਲਮਾਨਾਂ ਪ੍ਰਤੀ ਪੈਦਾ ਕੀਤੇ ਗਏ ਝੂਠੇ ਡਰ) ਤੋਂ ਪੈਦਾ ਹੋਏ ਖ਼ਦਸ਼ਿਆਂ ਨਾਲ ਜੋੜਿਆ ਜਾ ਸਕਦਾ ਹੈ। ਸਿੱਖ ਭਾਈਚਾਰੇ ਅਨੁਸਾਰ ਸਿੱਖ ਤਾਂ ਪਹਿਲਾਂ ਹੀ 'ਇਸ ਮੁਲਕ ਦੀ ਬਹੁਤ ਪ੍ਰਤੱਖ ਦਿਖਾਈ ਦੇਣ ਵਾਲੀ ਘੱਟ ਗਿਣਤੀ' ਹੋਣ ਕਾਰਨ ਵੱਡੇ ਪੱਧਰ 'ਤੇ ਨਸਲੀ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਨੇ 'ਇੰਡੋ-ਕੈਨੇਡੀਅਨ ਵਾਇਸ' ਦੇ ਸੰਪਾਦਕ ਰਤਨ ਮੱਲ ਦਾ ਹਵਾਲਾ ਦਿੱਤਾ ਹੈ ਜਿਨ੍ਹਾਂ ਮੰਨਿਆ ਕਿ ਕੈਨੇਡਾ ਵਿਚ ਕੁਝ ਗਰੁੱਪ 'ਭਾਰਤ ਵਿਰੋਧੀ' ਅਤੇ 'ਅਸੱਭਿਅਕ' ਭਾਸ਼ਾ ਵਰਤਦੇ ਹਨ ਪਰ ਨਾਲ ਨਾਲ ਬਹੁਤ ਸਾਰੇ ਗਰੁੱਪ ਅਜਿਹੇ ਵੀ ਹਨ ਜਿਹੜੇ 'ਖ਼ਾਲਿਸਤਾਨ' ਦੇ ਵਿਚਾਰ ਦੀ ਹਮਾਇਤ ਨਹੀਂ ਕਰਦੇ। ਉਨ੍ਹਾਂ ਦਾ ਮੁੱਖ ਡਰ ਹੈ ਕਿ ਸਿੱਖ ਇਸ ਝੂਠੀ ਧਾਰਨਾ ਦਾ ਸ਼ਿਕਾਰ ਨਾ ਹੋ ਜਾਣ ਕਿ ਹਰ ਪਗੜੀਧਾਰੀ ਦਹਿਸ਼ਤਗਰਦ ਹੁੰਦਾ ਹੈ।

ਸਮੱਸਿਆ ਦਾ ਕਾਰਨ ਉਹ ਵੱਖੋ-ਵੱਖਰਾ ਤਰੀਕਾ ਹੈ, ਜਿਨ੍ਹਾਂ ਰਾਹੀਂ ਕੈਨੇਡਾ ਅਤੇ ਭਾਰਤ ਇਨ੍ਹਾਂ ਗੁੰਝਲਦਾਰ ਮੁੱਦਿਆਂ ਨੂੰ ਦੇਖਦੇ ਹਨ। ਇਕ ਭਾਰਤੀ ਅਖ਼ਬਾਰ ਨੇ ਇਸ ਸਾਲ ਦੇ ਸ਼ੁਰੂ ਵਿਚ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨਰ ਦੇ ਹਵਾਲੇ ਨਾਲ ਕਿਹਾ ਸੀ: "ਦੁੱਖ ਦੀ ਗੱਲ ਹੈ ਕਿ ਕੈਨੇਡਾ ਅਜਿਹਾ ਇਕੋ-ਇਕ ਮੁਲਕ ਹੈ ਜਿਹੜਾ ਖ਼ਾਲਿਸਤਾਨੀ ਅਨਸਰਾਂ ਨੂੰ ਮੰਚ ਮੁਹੱਈਆ ਕਰਾਉਂਦਾ ਹੈ ਜਾਂ ਮੰਚ ਮੁਹੱਈਆ ਕਰਾਉਂਦਾ ਦਿਖਾਈ ਦਿੰਦਾ ਹੈ।"

ਇਸ ਬਾਰੇ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਆਜ਼ਾਦ ਸਿੱਖ ਰਾਜ ਦੀ ਵਕਾਲਤ ਕਰਨਾ ਕਿਸੇ ਵੀ ਤਰ੍ਹਾਂ ਕੈਨੇਡੀਅਨ ਸੂਬੇ ਕਿਊਬੈਕ ਨੂੰ ਕੈਨੇਡਾ ਤੋਂ ਵੱਖ ਕਰਨ ਦੇ ਹਮਾਇਤੀ ਹੋਣ ਤੋਂ ਅੱਡਰੀ ਗੱਲ ਨਹੀਂ ਹੈ ਤੇ ਕੈਨੇਡਾ ਵਿਚ ਇਹ ਕੋਈ ਜੁਰਮ ਨਹੀਂ ਹੈ। ਇਸੇ ਤਰ੍ਹਾਂ, ਹਿੰਸਾ ਰਹਿਤ ਇੰਤਹਾਪਸੰਦੀ ਜਾਂ ਖੁੱਲ੍ਹੇਆਮ ਵਿਰੋਧੀ ਕਾਰਵਾਈਆਂ ਕੈਨੇਡਾ ਹੀ ਨਹੀਂ, ਸਗੋਂ ਅਮਰੀਕਾ ਤੇ ਇਥੋਂ ਤੱਕ ਕਿ ਬਰਤਾਨੀਆ ਵਿਚ ਵੀ ਜੁਰਮ ਨਹੀਂ ਹਨ। ਕੈਨੇਡਾ 2011 ਤੋਂ ਹੀ 'ਕਨਿਸ਼ਕ ਪ੍ਰਾਜੈਕਟ' ਰਾਹੀਂ ਬੁਨਿਆਦਪ੍ਰਸਤੀ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗਾ ਹੋਇਆ ਹੈ।

# ਤਾਊ ਆਪਾਂ ਸਰਪੰਚ ਖੜ੍ਹੇ ਆਂ !

(ਸਫਾ 4 ਦੀ ਬਾਕੀ)

ਕੇ ਘਰ ਮੂਹਰੇ ਲਲਕਾਰੇ ਮਾਰ ਕੇ ਆਉਂ। ਮੈਂ ਕਈ ਵਾਰ ਸਮਾਜ ਦੇ ਭਲੇ ਅਤੇ ਲੋੜ ਵਾਲੇ ਮੁੱਦਿਆਂ ਦੀ ਗੱਲ ਕਰਨੀ ਚਾਹੀ ਪਰ ਕਾਮਯਾਬ ਨਾ ਹੋਇਆ। ਇੱਕ ਔਰਤ ਆਹਦੀ ਵੇ ਮੁੰਡਿਓ ਬੰਦਿਆਂ ਦੀ ਤਾਂ ਸਾਰਾ ਦਿਨ ਸੇਵਾ ਕਰਦੇ ਹੋ ਪਰ ਸਾਡੀ ਬਾਤ ਵੀ ਨਹੀਂ ਪੁੱਛਦੇ। ਉਸ ਦਾ ਇਸ਼ਾਰਾ ਚੋਣ ਮੁਹਿੰਮ ਵਾਲੀ ਸੇਵਾ ਪਾਣੀ ਵੱਲ ਸੀ।

ਇਵੇਂ ਹੀ ਤੁਰਦੇ ਤੁਰਦੇ ਅਸੀਂ ਪੱਚੀਵੇਂ ਘਰ ਵੱਲ ਜਾ ਰਹੇ ਸਾਂ ਕਿ ਸੋਚਾਂ ਨੇ ਮੇਰੇ ਦਿਮਾਗ 'ਚ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ। ਸੋਚ ਕੇ ਮੈਂ ਹੈਰਾਨ ਹੋ ਗਿਆ ਕਿ ਪਿੰਡ ਦੇ ਕਿਸੇ ਵੀ ਮਰਦ-ਔਰਤ ਨੇ ਇੱਕ ਵੀ ਸਾਂਝੀ ਮੰਗ ਦੀ ਗੱਲ ਤੱਕ ਨਹੀਂ ਤੋਰੀ। ਨਾ ਕਿਸੇ ਨੇ ਪਿੰਡ ਵਿਚਲੀਆਂ ਸਿਹਤ ਸੇਵਾਵਾਂ ਦੀ ਗੱਲ ਤੋਰੀ ਨਾ ਸਿੱਖਿਆ ਦੀ। ਨਾ ਕਿਸੇ ਨੇ ਨਹਿਰੀ ਅਤੇ ਪੀਣ ਦੇ ਪਾਣੀ ਦੀ ਮੰਗ ਰੱਖੀ ਅਤੇ ਨਾ ਅਵਾਰਾ ਪਸ਼ੂਆਂ ਦੀ। ਨਸ਼ਿਆਂ ਬਾਰੇ ਨਾ ਔਰਤਾਂ ਨੇ ਹੀ ਦੁਹਾਈ ਦਿੱਤੀ, ਨਾ ਹੀ ਮਰਦਾਂ ਨੇ। ਬੈਂਕਿੰਗ ਸਹੂਲਤਾਂ, ਸਮਾਜਿਕ ਕੁਰੀਤੀਆਂ, ਜੰਮਣੇ-ਮਰਨੇ ਅਤੇ ਵਿਆਹ-ਸਾਹੇ ਹੁੰਦੇ ਵੱਡੇ ਖਰਚਾਂ ਕਾਰਨ ਕਰਜ਼ਾਈ ਹੋ ਰਹੇ ਪਿੰਡ ਵਾਸੀਆਂ ਦਾ ਵੀ ਕਿਸੇ ਨੇ ਫਿਕਰ ਨਾ ਕੀਤਾ। ਸਰਕਾਰੀ ਬੱਸ ਸੇਵਾ, ਖੇਤੀ ਵਿਭਾਗ ਦੇ ਕੰਮਾਂ, ਸੜਕਾਂ, ਗਲੀਆਂ-ਨਾਲੀਆਂ, ਨਿੱਘਰ ਰਹੇ ਧਰਤੀ ਹੇਠਲੇ ਪਾਣੀ, ਕੀਟੇਮਾਰਾਂ ਦੀ ਅੰਨ੍ਹੇਵਾਹ ਵਰਤੋਂ, ਬੰਜਰ ਹੁੰਦੀਆਂ ਸ਼ਾਮਲਾਤਾਂ, ਝੋਨੇ ਦੀ ਪਰਾਲੀ ਦੀ ਅੱਗ ਦੇ ਮੁੱਦਿਆਂ ਦੇ ਤਾਂ ਕੋਈ ਨੇੜੇ ਤੇੜੇ ਵੀ ਨਾ ਪੁੱਜਾ। ਨਾ ਹੀ ਕਿਸੇ ਨੇ ਮਜਬੂਰੀਆਂ ਵੱਸ ਰੁਜ਼ਗਾਰ ਦੀ ਭਾਲ 'ਚ ਹਰ ਸਾਲ ਦੇਸ਼ ਛੱਡ ਰਹੇ ਲੱਖਾਂ ਬੱਚਿਆਂ ਦਾ ਫਿਕਰ ਕੀਤਾ। ਬੱਸ ਫਿਕਰ ਸੀ ਤਾਂ ਲੋਕਾਂ ਨੂੰ ਆਪੋ ਆਪਣੀ ਮੁੱਛ ਦਾ, ਹੈਂਕੜ ਤੇ ਚੌਧਰ ਦਾ, ਨਿੱਜੀ ਜ਼ਰੂਰਤਾਂ ਦਾ। ਫਿਰ ਮੈਂ ਸੋਚਿਆ ਜਦੋਂ ਪਿੰਡਾਂ ਦਾ ਵੋਟਰ ਅੱਜ ਵੀ ਆਪਣੀ ਮੁੱਛ, ਆਪਣੇ ਘਰ-ਪਰਿਵਾਰ ਤੋਂ ਬਾਹਰ ਜਾ ਕੇ ਨਹੀਂ ਸੋਚ ਸਕਿਆ, ਉਹ ਪ੍ਰਧਾਨ ਮੰਤਰੀ ਤਾਂ ਕੀ ਪਿੰਡ ਦਾ ਪੰਚ ਵੀ ਸਹੀ ਨਹੀਂ ਚੁਣ ਸਕਦਾ।

ਜਿੰਨਾ ਸਮਾਂ ਲੋਕਤੰਤਰ ਦੀ ਸਭ ਤੋਂ ਹੇਠਲੀ ਪੌੜੀ ਦੀ ਸਫਾਈ ਨਹੀਂ ਹੁੰਦੀ, ਉਨਾਂ ਸਮਾਂ ਸਿਆਸੀ ਪੌੜੀ ਦੇਸ ਦੇ ਵਿਕਾਸ ਨੂੰ ਉੱਪਰਲੀ ਮੰਜ਼ਿਲ ਤੱਕ ਨਹੀਂ ਲੈ ਕੇ ਜਾ ਸਕਦੀ। ਆਓ ਪਹਿਲ ਕਰੀਏ ਅਤੇ ਪਿੰਡ ਦਾ ਮੁਖੀ ਯੋਗ ਨੇਤਾ ਚੁਣੀਏ। ਜੇ ਵਿਦਿਆਰਥੀ ਦੇਸ਼ ਦਾ ਭਵਿੱਖ ਹਨ ਤਾਂ ਪੰਚ-ਇਤਾਂ ਦੇਸ਼ ਦੇ ਵਿਕਾਸ ਦੀ ਨੀਂਹ ਹਨ।

# ਪੰਜਾਬ ਸਰਕਾਰ ਸਾਹਮਣੇ ਸਮਾਜਿਕ ਤੇ ਆਰਥਿਕ ਚੁਣੌਤੀਆਂ

(ਸਫਾ 4 ਦੀ ਬਾਕੀ)

ਘਰਾਂ, ਢਾਬਿਆਂ, ਦੁਕਾਨਾਂ, ਖੇਤਾਂ ਵਿੱਚ ਮਜ਼ਦੂਰੀ ਕਰਨ ਲੱਗ ਜਾਂਦੇ ਹਨ। ਫ਼ਿਕਰ ਵਾਲੀ ਗੱਲ ਇਹ ਹੈ ਕਿ ਬਾਲ ਮਜ਼ਦੂਰਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਜਿਹੜਾ ਕਿਸੇ ਵੀ ਸੱਭਿਅਕ ਸਮਾਜ ਲਈ ਵੱਡੀ ਚੁਣੌਤੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਲਗਾਂ ਲਈ ਤਾਂ ਕਿਰਤ ਮਿਲਦੀ ਨਹੀਂ ਪਰ ਬੱਚਿਆਂ ਲਈ ਕਿਰਤ ਦੇ ਬਹੁਤ ਮੌਕੇ ਹਨ। ਇਸ ਸਮੱਸਿਆ ਦੀ ਜੜ੍ਹ ਆਮਦਨ ਦੀ ਨਾ-ਬਰਾਬਰੀ ਹੈ ਪਰ ਇਹ ਉਹ ਮਾਂ-ਬਾਪ ਹੀ ਜਾਣਦੇ ਹਨ ਕਿ ਕਿਸ ਜਿਗਰੇ ਨਾਲ ਉਹ ਆਪਣੇ ਨਿੱਕੜਿਆਂ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਉਠਾ ਕੇ ਕਿਸੇ ਹੋਰ ਦੇ ਘਰ ਕੰਮ ਕਰਨ ਲਈ ਭੇਜਦੇ ਹਨ।

ਪੰਜਾਬ ਸਾਹਮਣੇ ਇਕ ਹੋਰ ਚੁਣੌਤੀ ਘਟਦੀ ਹੋਈ ਬਰਾਮਦ ਹੈ। ਕਿਸੇ ਵੇਲੇ ਪੰਜਾਬ ਤੋਂ ਨਾ ਸਿਰਫ਼ ਖੇਤੀ ਸਗੋਂ ਵੱਡੀ ਮਾਤਰਾ ਵਿੱਚ ਉਦਯੋਗਿਕ ਵਸਤੂਆਂ ਜਿਵੇਂ ਸੂਤੀ ਅਤੇ ਗਰਮ ਕੱਪੜਾ, ਸਾਈਕਲ, ਇੰਜਨੀਅਰਿੰਗ ਵਸਤੂਆਂ ਆਦਿ ਬਾਹਰ ਜਾਂਦੀਆਂ ਸਨ। ਹੌਜ਼ਰੀ ਵਸਤੂਆਂ ਦੀ 90 ਫ਼ੀਸਦੀ ਬਰਾਮਦ ਇਕੱਲੇ ਲੁਧਿਆਣਾ ਸ਼ਹਿਰ ਤੋਂ ਹੀ ਹੁੰਦੀ ਹੈ, ਹੋਰ ਉਦਯੋਗਿਕ ਵਸਤੂਆਂ ਦੀ ਬਰਾਮਦ ਨਾ-ਮਾਤਰ ਹੀ ਹੈ।

ਖੇਤੀ ਵਸਤੂਆਂ, ਜਿਨ੍ਹਾਂ ਵਿੱਚ ਵੱਡੀ ਬਰਾਮਦ ਸਮਰੱਥਾ ਹੈ, ਉਨ੍ਹਾਂ ਵਿੱਚੋਂ ਸਿਰਫ਼ ਬਾਸਮਤੀ ਹੀ ਉਹ ਫ਼ਸਲ ਹੈ, ਜਿਸ ਦੀ 2015 ਵਿੱਚ 20 ਹਜ਼ਾਰ ਕਰੋੜ ਰੁਪਏ ਦੀ ਬਰਾਮਦ ਹੋਈ। ਬਾਕੀ ਸਾਰੀਆਂ ਖ਼ੁਰਾਕ ਵਸਤੂਆਂ ਦੀ ਬਰਾਮਦ 300 ਕਰੋੜ ਰੁਪਏ ਦੇ ਬਰਾਬਰ ਸੀ। ਅਸਲ ਵਿੱਚ ਬਾਸਮਤੀ ਦਰਿਆਵਾਂ ਦੇ ਕੰਢਿਆਂ 'ਤੇ ਬੀਜੀ ਜਾਣ ਵਾਲੀ ਫ਼ਸਲ ਹੈ। ਭਾਰਤ ਅਤੇ ਪਾਕਿਸਤਾਨ ਕੋਲ ਬਾਸਮਤੀ ਦਾ ਏਕਾਧਿਕਾਰ ਹੈ। ਭਾਰਤ ਤੋਂ ਬਰਾਮਦ ਹੋਣ ਵਾਲੀ ਬਾਸਮਤੀ ਵਿੱਚ ਪੰਜਾਬ ਦਾ ਹਿੱਸਾ 85 ਫ਼ੀਸਦੀ ਹੈ। ਪਰ ਬਾਸਮਤੀ ਅਧੀਨ ਰਕਬਾ ਸਰਕਾਰ ਦੀ ਖ਼ਰੀਦ ਨੀਤੀ ਕਰਕੇ ਨਹੀਂ ਵਧ ਰਿਹਾ, ਜਦੋਂਕਿ ਝੋਨੇ ਦੀਆਂ ਹੋਰ ਫ਼ਸਲਾਂ ਅਧੀਨ ਰਕਬਾ ਖ਼ਰੀਦ ਨੀਤੀ ਦੇ ਅਨੁਕੂਲ ਹੋਣ ਕਰਕੇ ਵਧ ਰਿਹਾ ਹੈ।

ਕੇਂਦਰ ਸਰਕਾਰ ਦੀ ਨਵੀਂ ਖ਼ਰੀਦ ਨੀਤੀ ਨਾਲ ਹੋਰ ਫ਼ਸਲਾਂ ਦੀ ਖ਼ਰੀਦ ਨੂੰ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਯਕੀਨੀ ਬਣਾਉਣਾ ਹੈ ਉਸ ਨਾਲ ਹੋਰ ਫਸਲਾਂ ਅਧੀਨ ਖੇਤਰ ਵਧਾ ਕੇ, ਕੁਝ ਫਸਲਾਂ ਦੀ ਬਰਾਮਦ ਦੀ ਸੰਭਾਵਨਾ ਦਾ ਲਾਭ ਲੈਣਾ ਚਾਹੀਦਾ ਹੈ। ਪਿਛਲੇ ਸਮਿਆਂ ਵਿੱਚ ਕਦੇ ਗੰਢੇ ਪਾਕਿਸਤਾਨ ਤੋਂ ਦਰਾਮਦ ਕੀਤੇ ਜਾਂਦੇ ਰਹੇ ਅਤੇ ਕਦੇ ਬਾਹਰ ਤੋਂ ਬਰਾਮਦ। ਪਰ ਠੀਕ ਕੀਮਤ ਨੀਤੀ ਅਧੀਨ ਇਸ ਤਰ੍ਹਾਂ ਦੀਆਂ ਰੋਜ਼ਾਨਾ ਵਰਤੋਂ ਵਾਲੀਆਂ ਵਸਤੂਆਂ ਲੈ ਕੇ, ਉਨ੍ਹਾਂ ਫ਼ਸਲਾਂ ਅਧੀਨ ਰਕਬੇ ਵਿੱਚ ਵਾਧਾ ਕਰਨਾ ਜ਼ਰੂਰੀ ਹੈ। ਪੰਜਾਬ ਦੀ ਐਗਰੀ ਐਕਸਪੋਰਟ ਕਾਰਪੋਰੇਸ਼ਨ ਦੀ ਭੂਮਿਕਾ ਵਧਣੀ ਚਾਹੀਦੀ ਹੈ।

ਪੰਜਾਬ ਦੀ ਸਾਖਰਤਾ ਦੀ ਦਰ 74 ਫੀਸਦੀ ਹੈ। ਸਰਕਾਰੀ ਸਕੂਲਾਂ ਅਤੇ ਪ੍ਰਾਂਤ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਵਿੱਦਿਆ ਨਿੱਜੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਕਿਤੇ ਸਸਤੀ ਹੈ। ਲੋੜ ਜਾਂ ਸਰਕਾਰ ਸਾਹਮਣੇ ਚੁਣੌਤੀ ਹੈ ਕਿ ਸਰਕਾਰੀ ਵਿੱਦਿਅਕ ਸੰਸਥਾਵਾਂ ਨੂੰ ਲੋਕਾਂ ਵਿੱਚ ਹਰਮਨ ਪਿਆਰਾ ਬਣਾ ਕੇ ਉਨ੍ਹਾਂ ਦਾ ਹਿੱਸਾ ਵਧਾਇਆ ਜਾਵੇ, ਜੋ ਲੋਕ ਹਿੱਤ ਦੀ ਗੱਲ ਹੈ। ਅਜੇ ਵੀ ਨਿੱਜੀ ਪ੍ਰੈਕਟੀਸ਼ਨਰਾਂ ਅਤੇ ਹਸਪਤਾਲਾਂ 'ਤੇ 75 ਫ਼ੀਸਦੀ ਲੋਕ ਆਪਣੀ ਬਿਮਾਰੀ ਦੀ ਹਾਲਤ ਵਿੱਚ ਨਿਰਭਰ ਕਰਦੇ ਹਨ। ਜਾਂਚ ਲੈਬਾਰਟਰੀਆਂ ਇਲਾਜ ਦਾ ਜ਼ਰੂਰੀ ਹਿੱਸਾ ਹਨ ਜਿਹੜੀਆਂ ਸਿਰਫ਼ ਵੱਡੇ ਸ਼ਹਿਰਾਂ ਵਿੱਚ ਹਨ, ਜਿਨ੍ਹਾਂ ਨੂੰ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ ਖੋਲ੍ਹ ਕੇ ਆਮ ਵਿਅਕਤੀ ਦੀ ਪਹੁੰਚ ਅਧੀਨ ਕਰਨਾ ਚਾਹੀਦਾ ਹੈ। ਲੋੜ ਹੈ, ਸਿਹਤ ਸੇਵਾਵਾਂ ਨੂੰ ਸਰਕਾਰੀ ਹਸਪਤਾਲਾਂ ਵੱਲੋਂ ਆਕਸ਼ਿਤ ਕਰਨ ਦੀ ਤਾਂ ਕਿ ਨਿੱਜੀ ਸੰਸਥਾਵਾਂ ਤੋਂ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਵੇ।

ਸਬਸਿਡੀਆਂ ਦਿੰਦੇ ਹੋਏ, ਦੂਰ-ਅੰਦੇਸ਼ੀ ਨਾਲ ਉਨ੍ਹਾਂ ਦੇ ਪ੍ਰਭਾਵ ਨੂੰ ਵਾਚਣਾ ਵੀ ਓਨਾ ਹੀ ਜ਼ਰੂਰੀ ਹੈ। ਬਿਜਲੀ ਨੂੰ ਮੁਫ਼ਤ ਕਰਨ ਨਾਲ ਓਨੀ ਬਿਜਲੀ ਬਚਦੀ ਨਹੀਂ, ਜਿੰਨੀ ਜ਼ਾਇਆ ਜਾਂਦੀ ਹੈ। ਓਨਾ ਪਾਣੀ ਵਰਤਿਆ ਨਹੀਂ ਜਾਂਦਾ, ਜਿੰਨਾ ਜ਼ਾਇਆ ਜਾਂਦਾ ਹੈ। ਬਿਜਲੀ-ਪਾਣੀ ਵਰਤਣ ਵਾਲੇ ਨੂੰ ਇਹ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ ਕਿ ਇਸ ਦਾ ਜ਼ਾਇਆ ਜਾਣਾ ਨੁਕਸਾਨਦੇਹ ਅਤੇ ਸਮਾਜ 'ਤੇ ਭਾਰ ਹੈ। ਇਸ ਸਬਸਿਡੀ ਦੇ ਬਦਲ ਵਜੋਂ ਕਿਸਾਨਾਂ ਨੂੰ ਹੋਰ ਢੰਗ ਨਾਲ ਓਨੀ ਮਦਦ ਕੀਤੀ ਜਾ ਸਕਦੀ ਹੈ।

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ


ਫਰੀ ਡਿਲੀਵਰੀ

Haller's PHARMACY

Since 1957

* Free Delivery * Open 7 days a week

* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।

* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।

* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

37323 Fremont Blvd, Fremont, CA 94536



GOLDEN INDIA

RESTAURANT

North & South Indian Cuisine

EVERY DAY LUNCH BUFFET : 11AM - 3 PM
Mon - Fri : 5 PM - 9.30 PM
Sat - Sun : 5 PM - 10 PM
To-Go, DINING & CATERING SERVICES AVAILABLE

GOLDEN INDIA, FREMONT
North & South Indian Cuisine

4918 Paseo Padre Pkwy, Fremont, CA 94555

510-745-1000

WWW.GOLDENINDIAFREMONT.COM
GOLDENINDIAEVENT@GMAIL.COM

Contact for catering

Rakesh kumar 347-553-4350





Cosmetic & Family Dentistry

UPPAL DENTAL CARE

50 % Discount for Cash Patients

INVISALIGN
Start from $ 2850 Off

Call for Details
Straighten Teeth
Without Wires

FREE TEETH WHITENING WITH PAID EXAM, X-RAY & CLEANING YOUR INSURANCE USUALLY COVER THESE SERVICES





Charanjit S Uppal
D.D.S.

Laser Treatment
Lumineers/Veneers
Dentures & Partials
Root Canals
Bad Breath
Cosmetic Dentistry
Crowns & Bridges
Tooth Extraction
Gum Treatment

Not Valid with any other offer

Strictly Maintained Sterilization Standards
Most Insurance Plans Accepted

FREE TEETH WHITENING
ਸਫਾਈ ਤੇ ਐਕਸ-ਰੇ, ਇੰਸ਼ੋਰੈਂਸ ਵੱਲੋਂ ਹੀ ਭੁਗਤਾਨ ਹੋ ਜਾਵੇਗਾ।

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com





Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿਂਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX : 510-739-6350

(For More Info. Call Onkar)

APPLIANCES WE CARRY ALL MAJOR BRANDS!!

SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards









## ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
## ਦਸਮ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਦਿਹਾੜੇ
## ਅਤੇ ਨਵੇਂ ਸਾਲ 2019 ਦੀਆਂ ਲੱਖ-ਲੱਖ ਵਧਾਈਆਂ

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**



Harpreet "Harry" Sidhu

MISSIONPEAK
BROKERS, INC.
PEAK OF EXCELLENCE

# CALL TODAY

# (510) 366-6130

**hrsidhu@gmail.com**
**www.missionpeakbrokers.com**

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

